ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

*Since April 2005* Editor : Sharanjit Singh Thind *Weekly*

Vol. 19 Issue 20 Friday August 16 to 22 August, 2024 Published Weekly from New York www.PUNJABIDUNIYAMEDIA.com







ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

ਪੰਜਾਬੀ ਦੁਨੀਆ

PUNJABI DUNIYA

The South Asian INSIDER


ਟਰੰਪ ਤੇ ਫਿਰ ਹਮਲੇ ਦੀ ਸਾਜ਼ਿਸ਼?

ਕਨਵੈਨਸ਼ਨ ਸੈਂਟਰ ਦੇ ਬਾਹਰ ਪੁਲਿਸ ਨੇ ਚਾਕੂ ਲਹਿਰਾਉਂਦੇ ਵਿਅਕਤੀ ਨੂੰ ਕੀਤਾ ਢੇਰ, AK-47 ਬਰਾਮਦ

ਦਿਲਜੀਤ ਦੇ ਸ਼ੋਅ ਦੀ ਰਿਹਰਸਲ 'ਚ ਪੁੱਜੇ ਟਰੂਡੋ

ਕਿਸਾਨਾਂ ਦੀ ਹਰਿਆਣਾ ਪੁਲਸ ਨਾਲ ਬਣੀ ਸਹਿਮਤੀ, ਹਿਰਾਸਤ 'ਚ ਲਏ ਆਗੂ ਹੋਏ ਰਿਹਾਅ

Insurance


The South Asian INSIDER

House Oversight panel subpoenas Secret Service director to testify on Trump assassination attempt

Interpol arrests 300 people in a global crackdown on West African crime groups

Are you paying too Much for Business Insurance? Call us today to find out how much you can save? Phone: 646 875 8495

New trans sports restrictions in New York hit with legal battles

Sikh Republican Harmeet Dhillon flamed for 'Ardas' at party meet: 'Blasphemous'

UK busts gang of British-Indians over drugs, money laundering after 2-year probe

Youtube, Facbook, Twiter, Instagramme, Linkedin, Tiktok

ਅੱਜ ਦਾ ਜ਼ਮਾਨਾ ਸੋਸ਼ਲ ਮੀਡੀਆ ਦਾ ਜ਼ਮਾਨਾ ਹੈ
ਤੇ ਤੁਸੀਂ ਵੀ ਸਾਡੇ ਰਾਹੀਂ ਆਪਣੇ
ਕਾਰੋਬਾਰ ਨੂੰ ਵਧਾਉਣ ਲਈ ਅੱਜ ਹੀ ਸਾਡੇ ਨਾਲ ਸੰਪਰਕ ਕਰੋ
ਅਮਰੀਕਾ ਤੋਂ ਪ੍ਰਕਾਸ਼ਿਤ ਹੋ ਰਹੇ
ਪੰਜਾਬੀ ਦੁਨੀਆ ਅਖ਼ਬਾਰ
ਵਿਚ ਆਪਣੀ ਛਪਣਯੋਗ ਸਮੱਗਰੀ ਹੇਠ ਲਿਖੇ
ਈਮੇਲ ਪਤੇ ਤੇ ਭੇਜੋ। ਸਮੱਗਰੀ ਪੰਜਾਬੀ ਦੇ
ਕਿਸੇ ਵੀ ਫੌਂਟ ਵਿਚ ਤੁਸੀਂ ਭੇਜ ਸਕਦੇ ਹੋ

punjabiduniya@gmail.com,
/www.thesouthasianinsider.com/punjabi-duniya

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 | Editor : Sharanjit Singh Thind | Weekly

Vol. 19 Issue 20 | Friday August 16 to 22 August, 2024 | Published Weekly from New York | www.PUNJABIDUNIYAMEDIA.com




# ਨਿੱਜਰ ਕਤਲ ਕਾਂਡ ਕੇਸ ’ਚ ਗ੍ਰਿਫ਼ਤਾਰ ਚਾਰ ਭਾਰਤੀ ਕੈਨੇਡੀਅਨ ਅਦਾਲਤ ’ਚ ਪੇਸ਼




ਬਰੈਂਪਟਨ: ਖ਼ਾਲਿਸਤਾਨ ਪੱਖੀ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਦੇ ਮਾਮਲੇ ’ਚ ਗ੍ਰਿਫ਼ਤਾਰ ਕੀਤੇ ਗਏ ਚਾਰ ਭਾਰਤੀ ਨਾਗਰਿਕ ਬ੍ਰਿਟਿਸ਼ ਕੋਲੰਬੀਆ ਦੀ ਇੱਕ ਅਦਾਲਤ ’ਚ ਪੇਸ਼ ਹੋਏ। ਉਸ ਤੋਂ ਬਾਅਦ ਮਾਮਲੇ ਦੀ ਸੁਣਵਾਈ 1 ਅਕਤੂਬਰ ਤਕ ਮੁਲਤਵੀ ਕਰ ਦਿੱਤੀ ਗਈ। ਚਾਰੇ ਨੌਜਵਾਨਾਂ ਦੀ ਵਰਚੁਅਲ ਪੇਸ਼ੀ ਹੋਈ। ਇਨ੍ਹਾਂ ’ਚ 22 ਸਾਲਾ ਕਰਨ ਬਰਾੜ, 22 ਸਾਲਾ ਕਮਲਪ੍ਰੀਤ ਸਿੰਘ ਅਤੇ 28 ਸਾਲਾ ਕਰਨਪ੍ਰੀਤ ਸਿੰਘ ਸ਼ਾਮਿਲ ਹਨ। ਇਨ੍ਹਾਂ ਤੋਂ ਇਲਾਵਾ ਓਨਟੈਰੀਓ ਤੋਂ ਅਮਨਦੀਪ ਸਿੰਘ ਦੀ ਵੀ ਪੇਸ਼ੀ ਹੋਈ।

ਸਰੀ ਨਾਓ ਲੀਡਰ ਅਨੁਸਾਰ ਕ੍ਰਾਊਨ ਪ੍ਰੌਸੀਕਿਊਟਰ ਲੇਵਿਸ ਕੈਨਵਰਥੀ ਨੇ ਸਰੀ ਪ੍ਰੋਵਿੰਸ਼ਲ ਕੋਰਟ ਦੇ ਜੱਜ ਮਾਰਕ ਜੈੱਟ ਨੂੰ ਦੱਸਿਆ ਕਿ ਬਚਾਅ ਪੱਖ ਦੀ ਪ੍ਰਕਿਰਿਆ ’ਚ ਕੁੱਝ ਸਮਾਂ ਲੱਗ ਸਕਦਾ ਹੈ। ਜ਼ਿਕਰਯੋਗ ਹੈ ਕਿ ਅਮਨਦੀਪ ਸਿੰਘ ਪਹਿਲੀ ਵਾਰ 15 ਮਈ ਨੂੰ ਅਦਾਲਤ ’ਚ ਪੇਸ਼ ਹੋਏ ਸਨ। ਬਾਕੀ ਤਿੰਨ 7 ਮਈ ਨੂੰ ਜੱਜ ਦੇ ਸਾਹਮਣੇ ਪੇਸ਼ ਹੋਏ। 21 ਮਈ ਨੂੰ ਚਾਰੋਂ ਪਹਿਲੀ ਵਾਰ ਅਦਾਲਤ ’ਚ ਇਕੱਠੇ ਪੇਸ਼ ਹੋਏ। ਚਾਰਾਂ ’ਤੇ ਫ਼ਸਟ ਡਿਗਰੀ ਕਤਲ ਅਤੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਹਨ।

ਨਿੱਜਰ ਮਾਮਲੇ ’ਚ ਜਦੋਂ ਅਮਨਦੀਪ ਸਿੰਘ ਦਾ ਨਾਮ ਆਇਆ ਤਾਂ ਉਹ ਪਹਿਲਾਂ ਹੀ ਪੀਲ ਰੀਜਨਲ ਪੁਲੀਸ ਜਾਂ ਪੀਆਰਪੀ ਦੀ ਹਿਰਾਸਤ ’ਚ ਸੀ। ਉਸ ਨੂੰ ਨਵੰਬਰ 2023 ’ਚ ਨੌਂ ਦੋਸ਼ਾਂ ’ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਬਾਕੀਆਂ ਨੂੰ 3 ਮਈ ਨੂੰ ਐਡਮਿੰਟਨ ਅਤੇ ਉਸ ਦੇ ਆਸ-ਪਾਸ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਮੁਕੱਦਮੇ ਲਈ ਬੀਸੀ ਲਿਆਂਦਾ ਗਿਆ ਸੀ। ਕੈਨੇਡੀਅਨ ਜਾਂਚਕਰਤਾਵਾਂ ਨੇ ਅਜੇ ਤਕ ਇਸ ਕਤਲ ਦੇ ਸਬੰਧ ’ਚ ਭਾਰਤ ਸਰਕਾਰ ਨਾਲ ਕਿਸੇ ਵੀ ਸਬੰਧ ਦਾ ਅਧਿਕਾਰਤਕ ਤੌਰ ’ਤੇ ਐਲਾਨ ਨਹੀਂ ਕੀਤਾ ਹਾਲਾਂਕਿ 3 ਮਈ ਨੂੰ, ਪ੍ਰਸ਼ਾਂਤ ’ਚ ਸੰਘੀ ਪੁਲੀਸਿੰਗ ਪ੍ਰੋਗਰਾਮ ਦੇ ਕਮਾਂਡਰ, ਸਹਾਇਕ ਕਮਿਸ਼ਨਰ ਡੇਵਿਡ ਟੇਬਲ ਨੇ ਕਿਹਾ ਕਿ ਭਾਰਤ ਸਰਕਾਰ ਨਾਲ ਸਬੰਧ ਸਮੇਤ ਕਈ ਪਹਿਲੂਆਂ ਦੀ ਜਾਂਚ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ 18 ਜੂਨ ਨੂੰ ਸਰੀ ’ਚ ਨਿੱਜਰ ਦੇ ਕਤਲ ਤੋਂ ਬਾਅਦ ਭਾਰਤ-ਕੈਨੇਡਾ ਦੇ ਸਬੰਧਾਂ ’ਚ ਖਟਾਸ ਆ ਗਈ ਸੀ। ਘਟਨਾ ਦੇ ਤਿੰਨ ਮਹੀਨੇ ਬਾਅਦ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹਾਊਸ ਔਫ਼ ਕਾਮਨਜ਼ ’ਚ ਬਿਆਨ ਦਿੱਤਾ ਕਿ ਭਾਰਤੀ ਏਜੰਟਾਂ ਅਤੇ ਕਤਲ ’ਚਕਾਰ ਸੰਭਾਵੀ ਸਬੰਧ ਦੇ ਭਰੋਸੇਯੋਗ ਦੋਸ਼ ਹਨ। ਭਾਰਤ ਨੇ ਇਸ ਦਾ ਜਵਾਬ ਦਿੰਦਿਆਂ ਕਿਹਾ ਕਿ ਦੋਸ਼ ਬੇਬੁਨਿਆਦ ਹਨ।

# ਪਾਕਿ ’ਚ ਵੀ ਬੰਗਲਾਦੇਸ਼ ਵਾਂਗ ਹੋਵੇਗਾ ਤਖ਼ਤਾ ਪਲਟ

## ਵਿਦਿਆਰਥੀ ਜਥੇਬੰਦੀ ਦਾ ਅਲਟੀਮੇਟਮ

ਪਾਕਿਸਤਾਨ: ਬੰਗਲਾਦੇਸ਼ ’ਚ ਹੋਏ ਭਾਰੀ ਵਿਰੋਧ ਪ੍ਰਦਰਸ਼ਨਾਂ ਅਤੇ ਉੱਥੇ ਹੋਏ ਤਖ਼ਤਾ ਪਲਟ ਦੀ ਗਵਾਹ ਦੁਨੀਆਂ ਬਣੀ। ਬੰਗਲਾਦੇਸ਼ ਤੋਂ ਬਾਅਦ ਹੁਣ ਪਾਕਿਸਤਾਨ ’ਚ ਵੀ ਸਰਕਾਰ ਦੇ ਖ਼ਿਲਾਫ਼ ਬਗਾਵਤ ਦੀ ਚੰਗਿਆੜੀ ਭੜਕਣ ਦੇ ਕੰਢੇ ’ਤੇ ਹੈ। ਇਸ ਨੂੰ ਲੈ ਕੇ ਸਰਕਾਰ ਨੂੰ ਅਲਟੀਮੇਟਮ ਵੀ ਜਾਰੀ ਕਰ ਦਿੱਤਾ ਗਿਆ ਹੈ।



ਦਰਅਸਲ ਪਾਕਿਸਤਾਨ ਸਟੂਡੈਂਟ ਫ਼ੈੱਡਰੇਸ਼ਨ (PSF) ਨੇ 30 ਅਗਸਤ ਤਕ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧ ’ਚ ਵਿਦਿਆਰਥੀ ਜਥੇਬੰਦੀ ਨੇ ਪਾਕਿਸਤਾਨ ਸਰਕਾਰ ਨੂੰ ਅਲਟੀਮੇਟਮ ਵੀ ਜਾਰੀ ਕੀਤਾ। ਵਿਦਿਆਰਥੀਆਂ ਦੀ ਮੰਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਬੇਕਸੂਰ ਹਨ ਅਤੇ ਉਨ੍ਹਾਂ ਨੂੰ ਛੇਤੀ ਹੀ ਜੇਲ ਤੋਂ ਬਾਹਰ ਕੱਢਿਆ ਜਾਵੇ।

ਪੀਐਸਐਫ ਦੀ ਇਹ ਮੰਗ ਬੰਗਲਾਦੇਸ਼ ’ਚ ਸ਼ੇਖ਼ ਹਸੀਨਾ ਸਰਕਾਰ ਦੇ ਤਖ਼ਤਾ ਪਲਟ ਤੋਂ ਬਾਅਦ ਸਾਹਮਣੇ ਆਈ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਬੰਗਲਾਦੇਸ਼ ਅੰਦੋਲਨ ਤੋਂ ਬਾਅਦ ਹੀ ਪਾਕਿਸਤਾਨੀ ਨੌਜਵਾਨਾਂ ਨੇ ਪ੍ਰੇਰਨਾ ਲਈ ਅਤੇ ਉਹ ਆਪਣੇ ਦੇਸ਼ ਦੀ ਸਰਕਾਰ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਕਰਨ ਲਈ ਰਾਜ਼ੀ ਹੋਏ ਹਨ।

## ਫ਼ੌਜ ਮੁਖੀ ਨੇ ਮੌਲਵੀਆਂ ਨੂੰ ਕੱਟੜਵਾਦ ਨੂੰ ਖ਼ਤਮ ਕਰਨ ਦੀ ਕੀਤੀ ਅਪੀਲ:

ਮੌਲਵੀਆਂ ਦੇ ਇੱਕ ਸੰਮੇਲਨ ਨੂੰ ਸੰਬੋਧਨ ਕਰਦਿਆਂ ਫ਼ੌਜ ਮੁਖੀ ਅਸੀਮ ਮੁਨੀਰ ਨੇ ਦੁਹਰਾਇਆ ਕਿ ਫ਼ੌਜ ਦੇਸ਼ ’ਚ ਸ਼ਾਂਤੀ ਅਤੇ ਸਥਿਰਤਾ ਬਣਾਈ ਰੱਖਣ ਲਈ ਵਚਨਬੱਧ ਹੈ। ਸੈਨਾ ਮੁਖੀ ਨੇ ਮੌਲਵੀਆਂ ਨੂੰ ਸਮਾਜ ’ਚ ਏਕਤਾ ਅਤੇ ਸੰਜਮ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਕਿਹਾ ਨਾ ਕਿ ਕੱਟੜਵਾਦ ਅਤੇ ਭੇਦਭਾਵ। ਫ਼ੌਜ ਮੁਖੀ ਨੇ ਇਹ ਵੀ ਕਿਹਾ ਕਿ ‘ਸਮਾਜ ਨੂੰ ਮੁੜ ਆਧੁਨਿਕਤਾ ਦੇ ਰਾਹ ’ਤੇ ਲਿਆਉਣਾ ਚਾਹੀਦਾ ਹੈ ਅਤੇ ਦੁਨੀਆਂ ਦੇ ਭ੍ਰਿਸ਼ਟਾਚਾਰ ਨੂੰ ਨਕਾਰਨਾ ਚਾਹੀਦਾ ਹੈ। ’ਜਨਰਲ ਅਸੀਮ ਮੁਨੀਰ ਨੇ ਕਿਹਾ ਕਿ ਸੋਸ਼ਲ ਮੀਡੀਆ ਦੇਸ਼ ’ਚ ਅਰਾਜਕਤਾ ਨੂੰ ਵਧਾਵਾ ਦੇ ਰਿਹਾ ਹੈ।

ਫ਼ੌਜ ਮੁਖੀ ਅਸੀਮ ਮੁਨੀਰ ਨੇ ਕਿਹਾ ਕਿ ਇਸਲਾਮੀ ਸ਼ਰੀਆ ਅਤੇ ਸੰਵਿਧਾਨ ਦੇ ਸਿਧਾਂਤਾਂ ਨੂੰ ਕਾਇਮ ਰੱਖਿਆ ਜਾਣਾ ਚਾਹੀਦਾ ਹੈ। ਅਫ਼ਗਾਨ ਸ਼ਰਨਾਰਥੀਆਂ ਦੇ ਮੁੱਦੇ ’ਤੇ ਪਾਕਿਸਤਾਨੀ ਫ਼ੌਜ ਮੁਖੀ ਨੇ ਕਿਹਾ ਕਿ ਪਾਕਿਸਤਾਨ ਨੇ ਅਫ਼ਗਾਨ ਸ਼ਰਨਾਰਥੀਆਂ ਦਾ ਸਮਰਥਨ ਕੀਤਾ ਹੈ, ਅਤੇ ਅਪੀਲ ਕੀਤੀ ਕਿ ਕਾਬੁਲ ਪਾਕਿਸਤਾਨ ਨਾਲ ਸ਼ਾਂਤੀਪੂਰਣ ਸਬੰਧ ਬਣਾਏ। ਆਸਿਮ ਮੁਨੀਰ ਨੇ ਕਸ਼ਮੀਰ ਨੂੰ ਭਾਰਤ ਅਤੇ ਪਾਕਿਸਤਾਨ ’ਚਾਲੇ ਅਧੂਰਾ ਏਜੰਡਾ ਦੱਸਿਆ ਹੈ। ਪਾਕਿਸਤਾਨੀ ਫ਼ੌਜ ਮੁਖੀ ਜਨਰਲ ਮੁਨੀਰ ਨੇ ਕਿਹਾ ਕਿ ਕਸ਼ਮੀਰ ਵਿਵਾਦ ਭਾਰਤ ਅਤੇ ਪਾਕਿਸਤਾਨ ’ਚਾਲੇ ਅਣਸੁਲਝਿਆ ਏਜੰਡਾ ਹੈ। ਇਸ ਦਾ ਹੱਲ ਕਰਨਾ ਜ਼ਰੂਰੀ ਹੈ ਪਰ ਅੱਜ ਤਕ ਸਫ਼ਲਤਾ ਨਹੀਂ ਮਿਲੀ। ਇਸ ਦੇ ਨਾਲ ਹੀ ਅਫ਼ਗਾਨਿਸਤਾਨ ਤੋਂ ਆਏ ਸ਼ਰਣਾਰਥੀਆਂ ਬਾਰੇ ਉਨ੍ਹਾਂ ਕਿਹਾ ਕਿ ਪਾਕਿਸਤਾਨ ਲੰਬੇ ਸਮੇਂ ਤੋਂ ਅਫ਼ਗਾਨ ਸ਼ਰਣਾਰਥੀਆਂ ਦਾ ਸਮਰਥਨ ਕਰ ਰਿਹਾ ਹੈ। ਇਸ ਦੇ ਨਾਲ ਹੀ ਉਨ੍ਹਾਂ ਅਫ਼ਗਾਨਿਸਤਾਨ ਅਤੇ ਪਾਕਿਸਤਾਨ ’ਚਾਲੇ ਸ਼ਾਂਤੀਪੂਰਣ ਸਬੰਧ ਬਣਾਏ ਰੱਖਣ ’ਤੇ ਵੀ ਜ਼ੋਰ ਦਿੱਤਾ।




Are you paying too much for Auto, Home, Business, Workman Compensation, Contractors, General Liability, E&O ?

*Call us today for complimentary Analysis of your policy.*

*Sharanjit Singh Thind, Phone 646 875 8495*



# ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਦਲੇ ਜਾਣ 'ਤੇ ਜਥੇਦਾਰ ਗਿਆਨੀ ਰਘਬੀਰ ਸਿੰਘ ਦਾ ਬਿਆਨ ਆਇਆ ਸਾਹਮਣੇ



ਅੰਮ੍ਰਿਤਸਰ: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਮੁਤਾਬਿਕ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਠੀਕ ਕਰਨ ਦੇ ਸਬੰਧ 'ਚ ਉਨ੍ਹਾਂ ਦੇ ਹਵਾਲੇ ਨਾਲ ਫ਼ੈਲਾਈਆਂ ਜਾ ਰਹੀਆਂ ਗੁੰਮਰਾਹਕੁੰਨ ਖ਼ਬਰਾਂ ਦਾ ਖੰਡਨ ਕੀਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਲੋਂ ਜਾਰੀ ਲਿਖਤੀ ਬਿਆਨ 'ਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਦੱਸਿਆ ਹੈ ਕਿ ਲੰਘੇ ਦਿਨੀਂ ਇੰਗਲੈਂਡ ਦੌਰੇ ਦੌਰਾਨ ਉਨ੍ਹਾਂ ਨੂੰ ਕੁੱਝ ਸਿੰਘ ਮਿਲੇ ਸਨ ਜਿਨ੍ਹਾਂ ਨੇ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਸਬੰਧੀ ਸਵਾਲ ਕੀਤੇ। ਇਸ ਦੇ ਸਬੰਧ 'ਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਉਨ੍ਹਾਂ ਸਿੰਘਾਂ ਨੂੰ ਦੱਸਿਆ ਸੀ ਕਿ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਦਲਣ ਸਬੰਧੀ ਪੰਜ ਸਿੰਘ ਸਾਹਿਬਾਨ ਨੇ ਨਵਾਂ ਜਾਂ ਕੋਈ ਵੱਖਰਾ ਫ਼ੈਸਲਾ ਨਹੀਂ ਕੀਤਾ ਬਲਕਿ 1936 ਦੀ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ 'ਚ ਲਿਖਿਆ ਹੈ ਕਿ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਬਸੰਤੀ ਜਾਂ ਸੁਰਮਈ ਰੰਗ ਦੇ ਹੋਣੇ ਚਾਹੀਦੇ ਹਨ। ਇਸ ਕਰਕੇ ਸਿੱਖ ਰਹਿਤ ਮਰਯਾਦਾ ਦੇ ਅਨੁਸਾਰ ਨਿਸ਼ਾਨ ਸਾਹਿਬ ਦਾ ਰੰਗ ਸਹੀ ਕੀਤਾ ਗਿਆ ਹੈ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਉਨ੍ਹਾਂ ਸਿੰਘਾਂ ਨੂੰ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਨੂੰ ਲੈ ਕੇ ਸੰਗਤ ਵਲੋਂ ਪ੍ਰਗਟਾਈ ਜਾ ਰਹੀ ਦੁਬਿਧਾ ਨੂੰ ਦੂਰ ਕਰਨ ਦੇ ਸਬੰਧ 'ਚ 15 ਜੁਲਾਈ 2024 ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਹੋਇਆ ਆਦੇਸ਼ ਪੱਤਰ ਪੜ੍ਹ ਕੇ ਵੀ ਸੁਣਾਇਆ ਸੀ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਹਵਾਲੇ ਨਾਲੇ ਸੱਚਾਈ ਤੋਂ ਦੂਰ ਫ਼ੈਲਾਈਆਂ ਜਾ ਰਹੀਆਂ ਖ਼ਬਰਾਂ ਬਿਲਕੁਲ ਝੂਠੀਆਂ ਅਤੇ ਗੁੰਮਰਾਹਕੁੰਨ ਹਨ ਅਤੇ ਸੰਗਤ ਸੁਚੇਤ ਰਹੇ।

# ਪੰਜਾਬ ਸਰਕਾਰ ਪਰਵਾਸੀ ਪੰਜਾਬੀਆਂ ਦੀ ਮਦਦ ਲਈ ਵਚਨਬੱਧ - ਮਾਨ

ਅੰਮ੍ਰਿਤਸਰ: ਦੁਨੀਆਂ ਭਰ 'ਚ ਵੱਸਦੇ ਪੰਜਾਬੀ ਭਾਈਚਾਰੇ ਨੂੰ ਵੱਡੀ ਸਹੂਲਤ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇੱਥੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਦੇ ਟਰਮੀਨਲ-3 'ਤੇ ਪੰਜਾਬ ਸਹਾਇਤਾ ਕੇਂਦਰ ਦਾ ਉਦਘਾਟਨ ਕੀਤਾ। ਸਹਾਇਤਾ ਕੇਂਦਰ ਦੀ ਸ਼ੁਰੂਆਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਸਾਡੇ ਲਈ ਅੱਜ ਇੱਕ ਇਤਿਹਾਸਕ ਦਿਨ ਹੈ ਕਿਉਂਕਿ



ਪੰਜਾਬ ਅਜਿਹਾ ਉਪਰਾਲਾ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਹੈ ਜਿਸ ਤੋਂ ਸੂਬਾ ਸਰਕਾਰ ਦੀ NRI ਭਾਈਚਾਰੇ ਦੀ ਮਦਦ ਅਤੇ ਸਹਿਯੋਗ ਕਰਨ ਲਈ ਦ੍ਰਿੜ੍ਹ ਪ੍ਰਤੀਬੱਧਤਾ ਝਲਕਦੀ ਹੈ।" ਉਨ੍ਹਾਂ ਆਖਿਆ ਕਿ ਕੇਂਦਰ 24 ਘੰਟੇ ਕਾਰਜਸ਼ੀਲ ਰਹੇਗਾ ਤੇ ਇਹ ਇਸ ਟਰਮੀਨਲ 'ਤੇ ਆਉਣ ਵਾਲੇ ਹੋਰ ਮੁਸਾਫ਼ਰਾਂ ਨੂੰ ਸਹਾਇਤਾ ਪ੍ਰਦਾਨ ਕਰੇਗਾ। ਭਗਵੰਤ ਮਾਨ ਨੇ ਕਿਹਾ ਕਿ ਇਸ ਕੇਂਦਰ ਕੋਲ ਦੋ ਇਨੋਵਾ ਕਾਰਾਂ ਹੋਣਗੀਆਂ ਜੋ ਮੁਸਾਫ਼ਰਾਂ ਨੂੰ ਪੰਜਾਬ ਭਵਨ ਜਾਂ ਹੋਰ ਨੇੜਲੀਆਂ ਥਾਵਾਂ 'ਤੇ ਲਿਜਾਣ ਲਈ ਮਦਦ ਕਰਨਗੀਆਂ। ਯਾਤਰੀ ਜਾਂ ਉਨ੍ਹਾਂ ਦੇ ਰਿਸ਼ਤੇਦਾਰ ਉਡਾਣਾਂ ਦੇ ਸਮੇਂ, ਟੈਕਸੀ ਸਰਵਿਸ, ਹਵਾਈ ਅੱਡੇ 'ਤੇ ਗੁਆਚੇ ਸਾਮਾਨ ਬਾਰੇ ਸੂਚਿਤ ਕਰਨ ਜਾਂ ਕੋਈ ਹੋਰ ਸਹਾਇਤਾ ਲਈ ਇਸ ਕੇਂਦਰ ਤਕ ਪਹੁੰਚ ਕਰ ਸਕਦੇ ਹਨ। ਮੁੱਖ ਮੰਤਰੀ ਮੁਤਾਬਿਕ ਜੇ ਕੋਈ ਐਮਰਜੈਂਸੀ ਪੇਸ਼ ਆਉਂਦੀ ਹੈ ਤਾਂ ਨਵੀਂ ਦਿੱਲੀ ਸਥਿਤ ਪੰਜਾਬ ਭਵਨ, ਕੋਪਰਨਿਕਸ ਮਾਰਗ 'ਤੇ ਕੁੱਝ ਕਮਰੇ ਵੀ ਮੁਸਾਫ਼ਰਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਦਿੱਤੇ ਜਾਣਗੇ ਅਤੇ ਕਿਸੇ ਤਰ੍ਹਾਂ ਦੀ ਵੀ ਸਹਾਇਤਾ ਲੈਣ ਲਈ ਫ਼ੋਨ ਨੰਬਰ 011-61232182 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਮਾਨ ਨੇ ਕਿਹਾ ਕਿ ਪੰਜਾਬ ਤੋਂ ਕੌਮੀ ਰਾਜਧਾਨੀ ਆਉਣ ਵਾਲੇ ਵਾਹਨਾਂ ਦੀ ਨਿਰਵਿਘਨ ਐਂਟਰੀ ਦਾ ਮਸਲਾ ਛੇਤੀ ਹੱਲ ਕਰ ਲਿਆ ਜਾਵੇਗਾ ਕਿਉਂਕਿ ਹੁਣ ਮਿਊਨੀਸੀਪਲ ਕੌਰਪੋਰੇਸ਼ਨ, ਦਿੱਲੀ 'ਚ ਵੀ ਆਮ ਆਦਮੀ ਪਾਰਟੀ ਸੱਤਾ 'ਚ ਹੈ। ਮਹਿਲਾ ਪਹਿਲਵਾਨ ਵਿਨੇਸ਼ ਫ਼ੋਗਾਟ ਦੀ ਘਟਨਾ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਇਸ ਘਟਨਾ ਨਾਲ ਸਮੁੱਚੇ ਖੇਡ ਜਗਤ ਨੂੰ ਵੱਡਾ ਧੱਕਾ ਲੱਗਾ ਹੈ। ਉਨ੍ਹਾਂ ਨੇ ਘਟਨਾ ਨਾਲ ਖੇਡ ਪ੍ਰੇਮੀਆਂ ਦਿਲਾਂ ਨੂੰ ਠੇਸ ਪਹੁੰਚੀ ਹੈ ਜਿਸ ਕਰ ਕੇ ਇਸ 'ਚ ਸਹਾਇਕ ਸਟਾਫ਼ ਦੀ ਭੂਮਿਕਾ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਾਂਚ ਨਾਲ ਨਾ ਸਿਰਫ਼ ਲੋਕਾਂ ਦਾ ਸਮੁੱਚੇ ਢਾਂਚੇ 'ਚ ਭਰੋਸਾ ਬਹਾਲ ਹੋਵੇਗਾ ਸਗੋਂ ਮਾਮਲੇ ਦੀ ਅਸਲ ਸਚਾਈ ਸਾਹਮਣੇ ਆਵੇਗੀ। ਮਾਨ ਮੁਤਾਬਿਕ, "ਮਾਮਲੇ 'ਚ ਫ਼ੋਗਾਟ ਦੇ ਸਟਾਫ਼ ਦੀ ਭੂਮਿਕਾ ਸ਼ੱਕੀ ਹੈ ਜਿਸ ਨੇ ਨਿਰਧਾਰਿਤ ਸਮੇਂ ਅੰਦਰ ਪਹਿਲਵਾਨ ਦਾ ਭਾਰ ਕੰਟਰੋਲ 'ਚ ਰੱਖਣ ਲਈ ਕੋਈ ਕਦਮ ਨਹੀਂ ਚੁੱਕਿਆ। ਇਹ ਸਹਾਇਕ ਸਟਾਫ਼ ਦੀ ਨਾਕਾਮੀ ਹੈ ਕਿਉਂਕਿ ਅਜਿਹੀਆਂ ਗੱਲਾਂ ਦਾ ਖਿਆਲ ਰੱਖਣਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ।"







# ਮੋਦੀ ਦੀ ਸੁਰੱਖਿਆ ਲਈ ਤਾਇਨਾਤ ਹੋਣਗੇ ਸਨਾਈਪਰ

ਨਵੀਂ ਦਿੱਲੀ: ਦਿੱਲੀ ਪੁਲੀਸ ਨੇ ਤਿੰਨ ਹਜ਼ਾਰ ਤੋਂ ਵੱਧ ਟ੍ਰੈਫ਼ਿਕ ਪੁਲੀਸ ਅਧਿਕਾਰੀਆਂ, 10 ਹਜ਼ਾਰ ਤੋਂ ਵੱਧ ਪੁਲੀਸ ਕਰਮਚਾਰੀਆਂ ਦੇ ਨਾਲ-ਨਾਲ 19-ਆਧਾਰਿਤ ਚਿਹਰੇ ਦੀ ਪਛਾਣ ਵਾਲੇ 700 ਕੈਮਰੇ ਲਗਾ ਕੇ ਸੁਤੰਤਰਤਾ ਦਿਵਸ ਦੇ ਜਸ਼ਨਾਂ ਤੋਂ ਪਹਿਲਾਂ ਰਾਸ਼ਟਰੀ ਰਾਜਧਾਨੀ ’ਚ ਸੁਰੱਖਿਆ ਨੂੰ ਸਖ਼ਤ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਅਤੇ ਹੋਰ VIPs ਦੀ ਸੁਰੱਖਿਆ ਲਈ ਮਹੱਤਵਪੂਰਣ ਸਥਾਨਾਂ ’ਤੇ ਸਨਾਈਪਰਜ਼, ਕੁਲੀਨ ਸਵਾਟ ਕਮਾਂਡੋ, ਪਤੰਗ ਸ਼ਿਕਾਰੀ ਅਤੇ ਸ਼ਾਰਪਸ਼ੂਟਰਜ਼ ਤਾਇਨਾਤ ਕੀਤੇ ਜਾਣਗੇ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ ’ਤੇ ਹੋਏ ਕਾਤਲਾਨਾ ਹਮਲੇ ਤੋਂ ਬਾਅਦ ਇਸ ਆਜ਼ਾਦੀ ਦਿਹਾੜੇ ’ਤੇ ਸਨਾਈਪਰਾਂ ਦੀ ਭੂਮਿਕਾ ਬਹੁਤ ਅਹਿਮ ਹੋ ਗਈ ਹੈ।

ਸੁਤੰਤਰਤਾ ਦਿਵਸ ਦੇ ਮੌਕੇ ’ਤੇ ਟ੍ਰੈਫ਼ਿਕ ਨੂੰ ਕੰਟਰੋਲ ਕਰਨ ਲਈ ਤਿੰਨ ਹਜ਼ਾਰ ਤੋਂ ਵੱਧ ਟ੍ਰੈਫ਼ਿਕ ਪੁਲੀਸ ਕਰਮਚਾਰੀ ਤਾਇਨਾਤ ਕੀਤੇ ਜਾਣਗੇ, ਅਤੇ ਰਾਸ਼ਟਰੀ ਰਾਜਧਾਨੀ ਦੇ ਮੁੱਖ ਚੌਰਾਹਿਆਂ ਦੇ ਨਾਲ-ਨਾਲ ਲਾਲ ਕਿਲੇ ਨਾਲ ਜੁੜਨ ਵਾਲੀਆਂ ਸੜਕਾਂ ’ਤੇ ਤਾਇਨਾਤ ਕੀਤੇ ਜਾਣਗੇ। ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਕਿਹਾ ਕਿ ਲਾਲ ਕਿਲੇ ’ਚ ਕਈ ਪੱਧਰਾਂ ਦੀ ਸੁਰੱਖਿਆ ਹੋਵੇਗੀ। ਸੁਤੰਤਰਤਾ ਦਿਵਸ ਲਈ ਸਖ਼ਤ ਸੁਰੱਖਿਆ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ, ਅਸੀਂ ਪਹਿਲਾਂ ਹੀ 19-ਆਧਾਰਤ ਚਿਹਰੇ ਦੀ ਪਛਾਣ ਵਾਲੇ 700 CCTV ਕੈਮਰੇ ਖ਼ਰੀਦੇ ਹਨ।

**ਲਾਲ ਕਿਲੇ ’ਤੇ ਹੋਣਗੇ 10 ਹਜ਼ਾਰ ਪੁਲੀਸ ਵਾਲੇ**

ਪੁਲੀਸ ਨੇ ਦੱਸਿਆ ਕਿ ਇਨ੍ਹਾਂ ਕੈਮਰਿਆਂ ’ਚ ਹਾਈ-ਰੈਜ਼ੋਲਿਊਸ਼ਨ ਪੈਨ-ਟਿਲਟ-ਜ਼ੂਮ ਫ਼ੀਚਰਜ਼ ਹੋਣਗੇ ਜਿਨ੍ਹਾਂ ਰਾਹੀਂ ਪੁਲੀਸ ਦੂਰੋਂ ਹੀ ਕਿਸੇ ਦੀ ਪਛਾਣ ਕਰ ਸਕੇਗੀ। ਇਹ ਕੈਮਰੇ ਕਿਲੇ ਦੇ ਅੰਦਰ ਅਤੇ ਆਲੇ-ਦੁਆਲੇ ਲਗਾਏ ਜਾਣਗੇ। ਅਧਿਕਾਰੀ ਨੇ ਕਿਹਾ ਕਿ 19-ਆਧਾਰਿਤ ਚਿਹਰੇ ਦੀ ਪਛਾਣ ਅਤੇ ਵੀਡੀਓ ਵਿਸ਼ਲੇਸ਼ਣ ਲਈ ਸਮਰੱਥ ਇਹ ਕੈਮਰੇ ਮਜ਼ਬੂਤ ਸੁਰੱਖਿਆ ਨੂੰ ਯਕੀਨੀ ਬਣਾਉਣਗੇ। ਉਨ੍ਹਾਂ ਕਿਹਾ ਕਿ ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਰਾਸ਼ਟਰ ਨੂੰ ਸੰਬੋਧਨ ਕਰਨਗੇ ਤਾਂ ਮੁਗ਼ਲ ਕਾਲ ਦੇ ਕਿਲੇ ’ਤੇ 10 ਹਜ਼ਾਰ ਤੋਂ ਵੱਧ ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਜਾਣਗੇ। ਇੱਕ ਅਧਿਕਾਰੀ ਨੇ ਦੱਸਿਆ ਕਿ ਪੁਲੀਸ ਲਾਲ ਕਿਲੇ ’ਚ ਸਮਾਗਮ ’ਚ ਸ਼ਾਮਿਲ ਹੋਣ ਲਈ ਆਉਣ ਵਾਲੇ ਲੋਕਾਂ ਦੀ ਪਛਾਣ ਦੀ ਪੁਸ਼ਟੀ ਕਰਨ ਲਈ ਇੱਕ ਸਮਾਰਟਫ਼ੋਨ-ਆਧਾਰਿਤ ਐਪਲੀਕੇਸ਼ਨ ਦੀ ਵਰਤੋਂ ਕਰੇਗੀ। ਇਸ ਤੋਂ ਇਲਾਵਾ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ, ਰੇਲਵੇ ਸਟੇਸ਼ਨਾਂ, ਬੱਸ ਸਟੈਂਡਾਂ, ਮਾਲਾਂ ਅਤੇ ਬਾਜ਼ਾਰਾਂ ਸਮੇਤ ਵੱਖ-ਵੱਖ ਸੰਵੇਦਨਸ਼ੀਲ ਥਾਵਾਂ ’ਤੇ ਵਾਧੂ ਪੁਲੀਸ ਕਰਮਚਾਰੀ ਅਤੇ ਅਰਧ ਸੈਨਿਕ ਬਲ ਤਾਇਨਾਤ ਕੀਤੇ ਗਏ ਹਨ। ਅਧਿਕਾਰਿਕ ਸੂਤਰਾਂ ਨੇ ਦੱਸਿਆ ਕਿ ਹਾਲ ਹੀ ’ਚ ਲਾਲ ਕਿਲੇ ’ਤੇ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਹੋਈ ਬੈਠਕ ’ਚ ਟਰੰਪ ’ਤੇ ਹਮਲੇ ’ਤੇ ਚਰਚਾ ਕੀਤੀ ਗਈ ਅਤੇ ਦਿੱਲੀ ਪੁਲੀਸ ਕਮਿਸ਼ਨਰ ਸੰਜੇ ਅਰੋੜਾ ਨੇ ਸਖ਼ਤ ਸੁਰੱਖਿਆ ਪ੍ਰਬੰਧਾਂ ’ਤੇ ਜ਼ੋਰ ਦਿੱਤਾ। ਦਿੱਲੀ ਪੁਲੀਸ ਨੇ ਖ਼ੁਦ ਇੱਕ ਲੋੜੀਂਦੇ ਅਤਿਵਾਦੀ ਅਤੇ ISI ਦੇ ਪੁਣੇ ਮੌਡਿਊਲ ਦੇ ਇੱਕ ਮੈਂਬਰ ਨੂੰ ਗ੍ਰਿਫ਼ਤਾਰ ਕੀਤਾ ਹੈ। ਖ਼ੁਫ਼ੀਆ ਸੂਚਨਾ ਦੇ ਆਧਾਰ ’ਤੇ ਸਪੈਸ਼ਲ ਸੈੱਲ ਦੀ ਟੀਮ ਨੇ ਦਿੱਲੀ-ਫ਼ਰੀਦਾਬਾਦ ਸਰਹੱਦ ’ਤੇ ਗੰਗਾ ਬਖਸ਼ ਮਾਰਗ ਨੇੜੇ ਦਰਿਆਗੰਜ ਦੇ ਰਹਿਣ ਵਾਲੇ ਰਿਜ਼ਵਾਨ ਅਬਦੁਲ ਹਾਜ਼ੀ ਅਲੀ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ ਕੋਲੋਂ ਇੱਕ .30 ਬੋਰ ਦਾ ਪਿਸਤੌਲ, ਤਿੰਨ ਕਾਰਤੂਸ ਅਤੇ ਦੋ ਮੋਬਾਇਲ ਫ਼ੋਨ ਬਰਾਮਦ ਹੋਏ ਹਨ।



ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (NIA) ਨੇ ਅਲੀ ਦੀ ਗ੍ਰਿਫ਼ਤਾਰੀ ਦੀ ਸੂਚਨਾ ਦੇਣ ਵਾਲੇ ਨੂੰ 3 ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਸੀ। ਡਿਪਟੀ ਕਮਿਸ਼ਨਰ ਔਫ਼ ਪੁਲਿਸ (ਉੱਤਰੀ) ਮਨੋਜ ਕੁਮਾਰ ਮੀਨਾ ਨੇ ਕਿਹਾ ਕਿ ਉਸ ਘਟਨਾ ਤੋਂ ਬਾਅਦ ਪੁਲੀਸ ਟੀਮ ਨੇ ਗਸ਼ਤ ਅਤੇ ਜਾਂਚ ਤੇਜ਼ ਕਰ ਦਿੱਤੀ ਹੈ। ਹੋਟਲਾਂ, ਗੈਸਟ ਹਾਊਸਾਂ, ਪਾਰਕਿੰਗ ਸਥਾਨਾਂ ਅਤੇ ਰੈਸਟੋਰੈਂਟਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਕਿਰਾਏਦਾਰਾਂ ਅਤੇ ਨੌਕਰਾਂ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧੀ ਇਲਾਕਾ ਨਿਵਾਸੀਆਂ ਅਤੇ ਮੰਡੀ ਵੈੱਲਫ਼ੇਅਰ ਐਸੋਸੀਏਸ਼ਨਾਂ ਨਾਲ ਵੀ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਮੀਨਾ ਨੇ ਕਿਹਾ ਕਿ ਪੁਲੀਸ ਸਮਾਗਮ ’ਚ 20 ਹਜ਼ਾਰ ਤੋਂ 22 ਹਜ਼ਾਰ ਤੋਂ ਵੱਧ ਮਹਿਮਾਨਾਂ ਦੇ ਸ਼ਾਮਿਲ ਹੋਣ ਦੀ ਸੰਭਾਵਨਾ ਵਿਚਾਲੇ ਵਿਸਤ੍ਰਿਤ ਸੁਰੱਖਿਆ ਪ੍ਰਬੰਧ ਕਰ ਰਹੀ ਹੈ।

# 67 ਫ਼ੀਸਦੀ ਭਾਰਤੀ ਖਰੀਦ ਰਹੇ ਨੇ ਵਿਦੇਸ਼ੀ ਉਤਪਾਦ

ਸਰੀ: ਵਿਦੇਸ਼ੀ ਉਤਪਾਦ ਖਰੀਦਣ ’ਚ ਭਾਰਤੀ ਗਾਹਕ ਸਭ ਤੋਂ ਅੱਗੇ ਹਨ। ਅਵਲਾਇ ਦੁਆਰਾ ਪ੍ਰਕਾਸ਼ਿਤ ਇੱਕ ਸਰਵੇਖਣ ਅਨੁਸਾਰ ਭਾਰਤ ’ਚ 67 ਪ੍ਰਤੀਸ਼ਤ ਲੋਕਾਂ ਨੇ ਵਿਦੇਸ਼ੀ ਚੀਜ਼ਾਂ ਖ਼ਰੀਦੀਆਂ ਹਨ ਜਦੋਂ ਕਿ ਇਹ ਅੰਕੜਾ ਅਮਰੀਕਾ ’ਚ 37 ਫ਼ੀਸਦੀ ਅਤੇ ਬਰਤਾਨੀਆ ’ਚ 27 ਪ੍ਰਤੀਸ਼ਤ ਹੈ। ਰਿਪੋਰਟ ਮੁਤਾਬਿਕ 76 ਪ੍ਰਤੀਸ਼ਤ ਭਾਰਤੀ ਖਪਤਕਾਰਾਂ ਦਾ ਮੰਨਣਾ ਹੈ ਕਿ ਵਿਦੇਸ਼ੀ ਉਤਪਾਦ ਦੇਸੀ ਉਤਪਾਦਾਂ ਨਾਲੋਂ ਬਿਹਤਰ ਹਨ। 61 ਫ਼ੀਸਦੀ ਤੋਂ ਵੱਧ ਖਪਤਕਾਰ ਵਿਦੇਸ਼ੀ ਉਤਪਾਦਾਂ ਨੂੰ ਖਰੀਦਣ ਲਈ ਪ੍ਰਮੁੱਖ ਔਨਲਾਈਨ ਈ-ਕੌਮਰਸ ਪਲੈਟਫ਼ਰਮਾਂ ਦੀ ਵਰਤੋਂ ਕਰਦੇ ਹਨ ਹਾਲਾਂਕਿ ਸੋਸ਼ਲ ਮੀਡੀਆ ਪਲੈਟਫ਼ੌਰਮਾਂ ’ਤੇ ਸਿੱਧੀ ਖ਼ਰੀਦ ਦੇ ਵਿਕਲਪ ਉਪਲਬੱਧ ਹੋਣ ਦੇ ਬਾਵਜੂਦ ਸਿਰਫ਼ 4.8 ਪ੍ਰਤੀਸ਼ਤ ਉਪਭੋਗਤਾ ਸੋਸ਼ਲ ਮੀਡੀਆ ਦੁਆਰਾ ਖ਼ਰੀਦਦਾਰੀ ਕਰਦੇ ਹਨ।

ਸਰਵੇਖਣ ’ਚ ਸ਼ਾਮਿਲ ਦੇਸ਼ਾਂ ’ਚ ਭਾਰਤ ਤੀਜੇ ਨੰਬਰ ’ਤੇ ਹੈ ਜੋ ਈ-ਕੌਮਰਸ ਸਾਈਟਾਂ ’ਤੇ ਨਿਰਭਰ ਕਰਦਾ ਹੈ। ਇਸ ਸਰਵੇਖਣ ’ਚ ਭਾਰਤ, ਅਮਰੀਕਾ, ਬ੍ਰਿਟੇਨ ਅਤੇ ਹੋਰ ਦੇਸ਼ਾਂ ਦੇ ਕਰੀਬ 8, 200 ਉੱਤਰਦਾਤਾਵਾਂ ਤੋਂ ਪ੍ਰਾਪਤ ਅੰਕੜਿਆਂ ਦਾ ਅਧਿਐਨ ਕੀਤਾ ਗਿਆ।

ਪਾਇਓਨੀਅਰ ਦੀ ਰਿਪੋਰਟ ਅਨੁਸਾਰ ਭਾਰਤ ਸਰਕਾਰ ਦੀ ਮੇਕ ਇਨ ਇੰਡੀਆ ਮੁਹਿੰਮ ਨੇ ਭਾਰਤੀ ਈ-ਕੌਮਰਸ ਮਾਰਕੀਟ ’ਚ ਮਹੱਤਵਪੂਰਣ ਵਾਧਾ ਕੀਤਾ ਹੈ। ਇਸ ਨੇ ਇੱਕ ਸਾਲ ’ਚ ਤੈਅ ਕੀਤੇ 40 ਹਜ਼ਾਰ ਕਰੋੜ ਡਾਲਰ ਦੇ ਟੀਚੇ ਨੂੰ ਪਾਰ ਕਰ ਲਿਆ ਹੈ। ਰਿਪੋਰਟ ’ਚ ਕਿਹਾ ਗਿਆ ਹੈ ਕਿ ਇਹ ਵਾਧਾ ਮੇਕ ਇਨ ਇੰਡੀਆ ਪ੍ਰੋਗਰਾਮ ਅਤੇ ਵਿਸ਼ਵ ਪੱਧਰ ’ਤੇ ਗਾਹਕਾਂ ਦੀਆਂ ਵਧਦੀਆਂ ਮੰਗਾਂ ਕਾਰਨ ਹੋਇਆ ਹੈ। ਭਾਰਤ ’ਚ ਖ਼ਰੀਦੇ ਗਏ ਵਿਦੇਸ਼ੀ ਉਤਪਾਦਾਂ ’ਚੋਂ ਅੰਤਰਰਾਸ਼ਟਰੀ ਫ਼ੈਸ਼ਨ ਉਤਪਾਦਾਂ ਦੀ ਸਭ ਤੋਂ ਵੱਧ ਮੰਗ ਹੈ। ਇਨ੍ਹਾਂ ਤੋਂ ਬਾਅਦ ਇਲੈਕਟ੍ਰੌਨਿਕ ਉਪਕਰਣਾਂ ਖਾਸ ਕਰ ਕੇ ਮੋਬਾਇਲ ਫ਼ੋਨਾਂ, ਟੈਬਲੈੱਟਸ, ਲੈਪਟੌਪਸ ਆਦਿ ਦੀ ਬਹੁਤ ਮੰਗ ਹੈ।






# ਆਸਟ੍ਰੇਲੀਆਈ ਰਾਜਦੂਤ ਨੇ ਸਾਰਜੈਂਟ ਜਗਮੀਤ ਸਿੰਘ ਦੀ ਪ੍ਰੇਰਨਾਦਾਇਕ ਯਾਤਰਾ ਦੀ ਕੀਤੀ ਸ਼ਲਾਘਾ

ਪਰਥ: ਆਸਟ੍ਰੇਲੀਅਨ ਹਾਈ ਕਮਿਸ਼ਨਰ ਫ਼ਿਲਿਪ ਗ੍ਰੀਨ ਨੇ ਸਾਰਜੈਂਟ ਜਗਮੀਤ ਸਿੰਘ ਦੀ ਭਾਰਤ ਤੋਂ ਆਸਟ੍ਰੇਲੀਅਨ ਹਵਾਈ ਸੈਨਾ ਤਕ ਦੀ ਪ੍ਰੇਰਨਾਦਾਇਕ ਯਾਤਰਾ ਦੀ ਸ਼ਲਾਘਾ ਕੀਤੀ। ਨਾਲ ਹੀ ਭਾਰਤ ਦੀ ਵਿਭਿੰਨਤਾ ਅਤੇ ਬਹੁ-ਸਭਿਆਚਾਰ ਨੂੰ ਵੀ ਉਜਾਗਰ ਕੀਤਾ। ਉਨ ਾਂ ਨੇ ਕਿਹਾ ਕਿ ਆਸਟ੍ਰੇਲੀਆ ਇਕ ਆਧੁਨਿਕ ਅਤੇ ਸਭਿਆਚਾਰਕ ਤੌਰ 'ਤੇ ਵਿਭਿੰਨਤਾ ਵਾਲਾ ਦੇਸ਼ ਹੈ ਜੋ 300 ਤੋਂ ਵੱਧ ਵੰਸ਼ਾਂ ਦੇ ਲੋਕਾਂ ਦਾ ਘਰ ਹੈ। ਫ਼ਿਲਿਪ ਗ੍ਰੀਨ ਨੇ ਅੱਗੇ ਕਿਹਾ ਕਿ ਸਾਰਜੈਂਟ ਜਗਮੀਤ ਸਿੰਘ ਦੀ ਯਾਤਰਾ ਭਾਰਤ ਦੀ ਵਿਭਿੰਨਤਾ ਅਤੇ ਬਹੁਸਭਿਆਚਾਰਕਤਾ ਦੀ ਇੱਕ ਸ਼ਾਨਦਾਰ ਮਿਸਾਲ ਹੈ।

ਉਨ ਾਂ ਨੇ ਸੋਸ਼ਲ ਮੀਡੀਆ ਪਲੈਟਫ਼ੌਰਮ X 'ਤੇ ਕਿਹਾ, "ਆਸਟ੍ਰੇਲੀਆ ਇੱਕ ਆਧੁਨਿਕ ਅਤੇ ਬਹੁ-ਸਭਿਆਚਾਰਕ ਦੇਸ਼ ਹੈ ਜੋ 300 ਤੋਂ ਵੱਧ ਵੰਸ਼ਾਂ ਦੇ ਲੋਕਾਂ ਦਾ ਘਰ ਹੈ।" ਸਾਰਜੈਂਟ ਜਗਮੀਤ ਸਿੰਘ ਦੀ ਭਾਰਤ ਤੋਂ ਆਸਟ੍ਰੇਲੀਅਨ ਹਵਾਈ ਸੈਨਾ ਤਕ ਦੀ ਯਾਤਰਾ ਆਉਣ ਵਾਲੀਆਂ ਪੀੜ ੀਆਂ ਲਈ ਪ੍ਰੇਰਨਾਦਾਇਕ ਹੈ ਅਤੇ ਭਾਰਤ ਦੀ ਵਿਭਿੰਨਤਾ ਅਤੇ ਬਹੁ-ਸਭਿਆਚਾਰਵਾਦ ਦੀ ਇੱਕ ਸ਼ਾਨਦਾਰ ਉਦਾਹਰਣ ਹੈ।

ਆਸਟ੍ਰੇਲੀਆ ਦੇ ਰੱਖਿਆ ਮੰਤਰਾਲੇ ਨੇ ਦੱਸਿਆ ਕਿ ਸਾਰਜੈਂਟ ਜਗਮੀਤ ਸਿੰਘ ਦਸੰਬਰ 2006 'ਚ ਆਸਟ੍ਰੇਲੀਆ ਆਇਆ ਸੀ ਅਤੇ ਜਨਵਰੀ 2007 'ਚ ਰੱਖਿਆ ਫ਼ੋਰਸ 'ਚ ਸ਼ਾਮਿਲ ਹੋਇਆ ਸੀ। ਸਿੰਘ ਨੇ ਮੰਤਰਾਲੇ ਦੇ ਹਵਾਲੇ ਨਾਲ ਕਿਹਾ, "ਮੈਨੂੰ ਲੱਗਦਾ ਹੈ ਕਿ ਮੈਂ ਹਵਾਈ ਸੈਨਾ 'ਚ ਦਸਤਾਰ ਪਹਿਨਣ ਵਾਲਾ ਪਹਿਲਾ ਵਿਅਕਤੀ ਸੀ। ਓਦੋਂ ਤੋਂ ਮੈਂ ਆਪਣੇ ਸਾਥੀ ਇੰਸਟ੍ਰਕਟਰਾਂ ਨੂੰ ਇਹ ਸਿਖਣ 'ਚ ਮਦਦ ਕੀਤੀ ਕਿ ਮੈਂ ਦਸਤਾਰ ਕਿਵੇਂ ਬੰਨ ਦਾ ਹਾਂ ਅਤੇ ਬੈਜ ਕਿਵੇਂ ਲਗਾਉਂਦਾ ਹਾਂ।" ਉਸ ਨੇ ਅੱਗੇ ਕਿਹਾ, "ਮੈਨੂੰ ਉਮੀਦ ਹੈ ਕਿ ਮੇਰੇ ਯਤਨਾਂ ਨੇ ਆਉਣ ਵਾਲੀਆਂ ਪੀੜ ੀਆਂ ਲਈ ਰਾਹ ਪੱਧਰਾ ਕੀਤਾ ਹੈ।" ਜਗਮੀਤ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ 'ਚ ਇੰਡੋ-ਪੈਸੀਫ਼ਿਕ ਐਂਡੇਵਰ 23 'ਤੇ ਆਸਟ੍ਰੇਲੀਆਈ ਹਵਾਈ ਸੈਨਾ ਦੀ ਨੁਮਾਇੰਦਗੀ ਕਰਨਾ ਉਸ ਦੇ ਕਰੀਅਰ ਦੀਆਂ ਮਹੱਤਵਪੂਰਣ ਪ੍ਰਾਪਤੀਆਂ 'ਚੋਂ ਇੱਕ ਸੀ।



## ਭਾਰਤੀ 'ਤੇ ਲੱਗੇ ਕਤਲ ਦੇ ਦੋਸ਼

ਹੈਮਿਲਟਨ: ਹੈਮਿਲਟਨ ਸ਼ਹਿਰ 'ਚ ਹੋਏ ਇੱਕ ਕਤਲ ਦੀ ਪੜਤਾਲ ਕਰ ਰਹੀ ਪੁਲੀਸ ਨੇ 40 ਸਾਲ ਦੇ ਹੇਮਰਾਜ ਲਖਨ ਨੂੰ ਗ੍ਰਿਫ਼ਤਾਰ ਕੀਤਾ ਹੈ। ਨਾਲ ਹੀ ਪੁਲੀਸ ਨੇ ਉਸ 'ਤੇ ਦੂਜੇ ਦਰਜੇ ਦੀ ਹੱਤਿਆ ਦੇ ਦੋਸ਼ ਆਇਦ ਕੀਤੇ ਹਨ। ਪੁਲੀਸ ਨੇ ਦੱਸਿਆ ਕਿ ਕਤਲ ਦੀ ਵਾਰਦਾਤ 3 ਅਗਸਤ ਨੂੰ ਹੈਮਿਲਟਨ ਦੇ ਕੁਈਨ ਸਟ੍ਰੀਟ ਸਾਊਥ ਇਲਾਕੇ 'ਚ ਵਾਪਰੀ ਅਤੇ ਮਰਨ ਵਾਲੇ ਦੀ ਸ਼ਨਾਖਤ 46 ਸਾਲ ਦੇ ਡੇਵਿਡ ਫ਼ਿਊਗਲਰ ਵਜੋਂ ਕੀਤੀ ਗਈ ਹੈ।

ਹੈਮਿਲਟਨ ਪੁਲੀਸ ਮੁਤਾਬਿਕ 3 ਅਗਸਤ ਨੂੰ ਰਾਤ ਤਕਰੀਬਨ 9: 30 ਵਜੇ ਇੱਕ ਲੋਕਲ ਕੇਅਰ ਹੋਮ 'ਚ ਮੈਡੀਕਲ ਐਮਰਜੈਂਸੀ ਦੀ ਇਤਲਾਹ ਮਿਲੀ। ਮੌਕੇ 'ਤੇ ਪੁੱਜੇ ਅਫ਼ਸਰਾਂ ਨੂੰ ਇੱਕ ਸ਼ਖ਼ਸ ਬੇਹੋਸ਼ੀ ਦੀ ਹਾਲਤ 'ਚ ਮਿਲਿਆ ਜਿਸ ਨੂੰ ਹਸਪਤਾਲ ਲਿਜਾਇਆ ਗਿਆ ਪਰ ਕੁੱਝ ਦੇਰ ਬਾਅਦ ਉਹ ਦਮ ਤੋੜ ਗਿਆ। ਪੋਸਟਮੌਰਟਮ ਤੋਂ ਬਾਅਦ ਮਾਮਲਾ ਕਤਲ ਦਾ ਰੂਪ ਅਖਤਿਆਰ ਕਰ ਗਿਆ ਅਤੇ ਡੇਵਿਡ ਫ਼ਿਊਗਲਰ ਦੇ ਰੂਮਮੇਟ ਹੇਮਰਾਜ ਲਖਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਹੈਮਿਲਟਨ ਪੁਲੀਸ ਦੀ ਸਾਰਜੈਂਟ ਸਾਰ੍ਹਾ ਬੈਕ ਨੇ ਦੱਸਿਆ ਕਿ ਕਤਲ ਦੌਰਾਨ ਕਿਸੇ ਹਥਿਆਰ ਦੀ ਵਰਤੋਂ ਨਹੀਂ ਕੀਤੀ ਗਈ ਅਤੇ ਮੰਨਿਆ ਜਾ ਰਿਹਾ ਹੈ ਕਿ ਕਿਸੇ ਗੱਲ 'ਤੇ ਦੋਵਾਂ ਜਣਿਆਂ ਵਿਚਾਲੇ ਝਗੜਾ ਹੋਇਆ ਅਤੇ ਨੌਬਤ ਕਤਲ ਤਕ ਪੁੱਜ ਗਈ। ਇਸ ਮਾਮਲੇ 'ਚ ਕਿਸੇ ਹੋਰ ਸ਼ੱਕੀ ਦੀ ਭਾਲ ਨਹੀਂ ਕੀਤੀ ਜਾ ਰਹੀ ਅਤੇ ਸੰਭਾਵਿਤ ਤੌਰ 'ਤੇ ਮਾਨਸਿਕ ਸਿਹਤ ਦੀ ਇਸ ਕਤਲ 'ਚ ਵੱਡੀ ਭੂਮਿਕਾ ਰਹੀ। ਸਾਰਜੈਂਟ ਸਾਰ੍ਹਾ ਬੈਕ ਨੇ ਅੱਗੇ ਕਿਹਾ ਕਿ ਇੱਕ ਰਿਹਾਇਸ਼ 'ਚ ਮਾਨਸਿਕ ਸਿਹਤ ਦੀ ਸਮੱਸਿਆ ਨਾਲ ਜੂਝ ਰਹੇ ਅੱਠ ਜਣੇ ਰਹਿ ਰਹੇ ਸਨ ਅਤੇ ਹੇਮਰਾਜ ਲਖਨ ਇੱਥੇ ਕਈ ਸਾਲ ਤੋਂ ਰਿਹਾ ਰਿਹਾ ਹੈ। ਹੇਮਰਾਜ ਲਖਨ ਵਿਰੁੱਧ ਪਹਿਲਾਂ ਵੀ ਪੁਲੀਸ ਕਾਰਵਾਈ ਹੋ ਚੁੱਕੀ ਹੈ। ਦੂਜੇ ਪਾਸੇ ਡੇਵਿਡ ਫ਼ਿਊਗਲਰ ਦੇ ਪਰਿਵਾਰ ਵਲੋਂ ਪ੍ਰਾਈਵੇਸੀ ਦਾ ਜ਼ਿਕਰ ਕਰਦਿਆਂ ਮੀਡੀਆ ਨਾਲ ਗੱਲਬਾਤ ਕਰਨ ਤੋਂ ਨਾਂਹ ਕਰ ਦਿੱਤੀ ਗਈ।



# ਇਰਾਕ ਲੜਕੀਆਂ ਦੇ ਵਿਆਹ ਦੀ ਉਮਰ ਨੌਂ ਸਾਲ ਕਰਨ ਲਈ ਤਿਆਰ

ਬਗਦਾਦ: ਇਰਾਕ 'ਚ ਇਕ ਨਵਾਂ ਕਾਨੂੰਨ ਲਿਆਉਣ ਦੀ ਤਿਆਰੀ ਹੈ ਜਿਸ 'ਚ ਲੜਕੀਆਂ ਦੇ ਵਿਆਹ ਦੀ ਘੱਟੋ-ਘੱਟ ਉਮਰ ਨੌਂ ਸਾਲ ਤੈਅ ਕੀਤੀ ਗਈ ਹੈ। ਇਸ ਕਾਨੂੰਨ ਦਾ ਖਰੜਾ ਇਰਾਕੀ ਸੰਸਦ 'ਚ ਪੇਸ਼ ਕੀਤਾ ਗਿਆ ਹੈ। ਇਰਾਕ ਦੀਆਂ ਰੂੜੀਵਾਦੀ ਸ਼ੀਆ ਪਾਰਟੀਆਂ ਪਾਰਲੀਮੈਂਟ 'ਚ ਪਰਸਨਲ ਲਾਅ 'ਚ ਸੋਧ ਲਈ ਜ਼ੋਰ ਦੇ ਰਹੀਆਂ ਹਨ ਜੋ ਨੌਂ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵਿਆਹ ਕਰਨ ਦੀ ਆਗਿਆ ਦੇਵੇਗੀ। ਔਰਤਾਂ ਦੇ ਅਧਿਕਾਰ ਸੰਗਠਨ ਇਸ ਬਿੱਲ ਨੂੰ ਲੈ ਕੇ ਚਿੰਤਤ ਹਨ। ਔਰਤਾਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਇਸ ਨਵੇਂ ਕਾਨੂੰਨ ਨੂੰ ਪਿੱਤਰਸੱਤਾ (ਪਿਤਾ ਪੁਰਖੀ) ਨੂੰ ਉਤਸ਼ਾਹਿਤ ਕਰਨ ਵਾਲਾ ਕਰਾਰ ਦਿੱਤਾ ਹੈ। 1959 ਦੇ ਪਰਸਨਲ ਸਟੇਟਸ ਲਾਅ ਦੇ ਕਾਨੂੰਨ 188 'ਚ ਸੋਧਾਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਹ ਕਾਨੂੰਨ ਅਬਦੁਲ ਕਰੀਮ ਕਾਸਿਮ ਦੀ ਸਰਕਾਰ ਨੇ ਪਾਸ ਕੀਤਾ ਸੀ। ਕਾਸਿਮ ਦੀ ਸਰਕਾਰ ਨੇ ਔਰਤਾਂ ਦੇ ਅਧਿਕਾਰਾਂ ਸਮੇਤ ਕਈ ਪ੍ਰਗਤੀਸ਼ੀਲ ਸੁਧਾਰ ਕੀਤੇ ਸਨ। ਔਰਤਾਂ ਦੇ ਅਧਿਕਾਰਾਂ ਦੀ ਕਾਰਕੁਨ ਸੁਹਾਲੀਆ ਅਲ ਅਸਾਮ ਅਨੁਸਾਰ ਮਾਹਿਰਾਂ, ਵਕੀਲਾਂ, ਧਾਰਮਿਕ ਮੁਖੀਆਂ ਅਤੇ ਮਾਹਿਰਾਂ ਦੀ ਸਲਾਹ ਨਾਲ 1959 'ਚ ਬਣੇ ਇਸ ਕਾਨੂੰਨ ਨੂੰ ਔਰਤਾਂ ਦੇ ਅਧਿਕਾਰਾਂ ਲਈ ਪੱਛਮੀ ਏਸ਼ੀਆ ਦੇ ਸਭ ਤੋਂ ਵਧੀਆ ਕਾਨੂੰਨਾਂ 'ਚੋਂ ਇੱਕ ਮੰਨਿਆ ਜਾਂਦਾ ਹੈ। ਇਹ ਕਾਨੂੰਨ ਮਰਦਾਂ ਅਤੇ ਔਰਤਾਂ ਦੋਹਾਂ ਲਈ ਵਿਆਹ ਦੀ ਕਾਨੂੰਨੀ ਉਮਰ 18 ਸਾਲ ਨਿਰਧਾਰਿਤ ਕਰਦਾ ਹੈ। ਇਹ ਮਰਦਾਂ ਨੂੰ ਦੂਜੀ ਪਤਨੀ ਰੱਖਣ ਦੀ ਇਜਾਜ਼ਤ ਦੇਣ ਤੋਂ ਵੀ ਮਨ੍ਹਾ ਕਰਦਾ ਹੈ।

ਕਾਸਿਮ ਸਰਕਾਰ ਦੌਰਾਨ 1959 'ਚ ਲਾਗੂ ਕੀਤੇ ਗਏ ਕਾਨੂੰਨ 'ਚ ਬਦਲਾਅ ਦੀ ਮੰਗ ਰੂੜੀਵਾਦੀ ਸ਼ੀਆ ਇਸਲਾਮੀ ਪਾਰਟੀਆਂ ਦੇ ਗਠਜੋੜ ਦੀ ਹੈ ਜੋ ਇਰਾਕ ਦੀ ਸੰਸਦ 'ਚ ਸਭ ਤੋਂ ਵੱਡਾ ਧੜਾ ਹੈ। ਸੰਸਦ 'ਚ ਪੇਸ਼ ਕੀਤੇ ਗਏ ਖਰੜੇ 'ਚ ਕਿਹਾ ਗਿਆ ਹੈ ਕਿ ਜੋੜਿਆਂ ਨੂੰ ਨਿੱਜੀ ਸਥਿਤੀ ਦੇ ਸਾਰੇ ਮਾਮਲਿਆਂ 'ਚ ਸੁੰਨੀ ਜਾਂ ਸ਼ੀਆ ਸੰਪਰਦਾ 'ਚੋਂ ਚੋਣ ਕਰਨੀ ਪਵੇਗੀ। ਇਹ ਬਦਲਾਅ ਅਦਾਲਤਾਂ ਦੀ ਬਜਾਏ ਸ਼ੀਆ ਅਤੇ ਸੁੰਨੀ ਐਂਡੋਮੈਂਟ ਦਫ਼ਤਰਾਂ ਨੂੰ ਵਿਆਹ ਬਾਰੇ ਫ਼ੈਸਲਾ ਕਰਨ ਦੀ ਇਜਾਜ਼ਤ ਦੇਵੇਗਾ। ਬਿੱਲ ਦੇ ਖਰੜੇ 'ਚ ਕਿਹਾ ਗਿਆ ਹੈ ਕਿ ਸ਼ੀਆ ਕੋਡ ਜਾਫ਼ਰੀ ਕਾਨੂੰਨੀ ਪ੍ਰਣਾਲੀ 'ਤੇ ਆਧਾਰਿਤ ਹੋਵੇਗਾ। ਜਾਫ਼ਰੀ ਕਾਨੂੰਨ ਛੇਵੇਂ ਸ਼ੀਆ ਇਮਾਮ ਜਾਫ਼ਰ ਅਲ-ਸਾਦਿਕ ਦੇ ਨਾਮ 'ਤੇ ਰੱਖਿਆ ਗਿਆ ਹੈ। ਇਸ 'ਚ ਵਿਆਹ, ਤਲਾਕ, ਵਿਰਾਸਤ ਅਤੇ ਗੋਦ ਲੈਣ ਸਬੰਧੀ ਨਿਯਮ ਸ਼ਾਮਿਲ ਹਨ। ਇਹ ਨੌਂ ਸਾਲ ਦੀਆਂ ਲੜਕੀਆਂ ਅਤੇ 15 ਸਾਲ ਦੇ ਲੜਕਿਆਂ ਦੇ ਵਿਆਹ ਦੀ ਆਗਿਆ ਦਿੰਦਾ ਹੈ।



ਇਹ ਖਰੜਾ ਬਿਲ ਇਰਾਕੀ ਸੰਸਦ 'ਚ ਸੁਤੰਤਰ ਸਾਂਸਦ ਰਾਏਦ ਅਲ ਮਲਿਕੀ ਨੇ ਪੇਸ਼ ਕੀਤਾ ਹੈ। ਖਰੜੇ 'ਚ ਪ੍ਰਸਤਾਵਿਤ ਤਬਦੀਲੀਆਂ ਨੇ ਮਨੁੱਖੀ ਅਧਿਕਾਰ ਕਾਰਕੁੰਨਾਂ ਦੀ ਬੇਚੈਨੀ ਵਧਾ ਦਿੱਤੀ ਹੈ। ਇਰਾਕੀ ਵੂਮੈੱਨ ਰਾਈਟਸ ਫ਼ੋਰਮ ਦੀ 35® ਤਾਮਾਰਾ ਆਮਿਰ ਨੇ ਮਿਡਲ ਈਸਟ ਆਈ ਨੂੰ ਦੱਸਿਆ ਕਿ ਪਰਸਨਲ ਸਟੇਟੱਸ ਕਨੂੰਨ 'ਚ ਪ੍ਰਸਤਾਵਿਤ ਤਬਦੀਲੀਆਂ ਦਾ ਇਰਾਕ 'ਚ ਔਰਤਾਂ ਅਤੇ ਬੱਚਿਆਂ ਦੇ ਅਧਿਕਾਰਾਂ ਅਤੇ ਭਲਾਈ 'ਤੇ ਡੂੰਘਾ ਨਕਾਰਾਤਮਕ ਪ੍ਰਭਾਵ ਪਵੇਗਾ। ਉਨ੍ਹਾਂ ਸਵਾਲ ਕੀਤਾ ਕਿ ਕੀ ਰਾਜਨੇਤਾ ਆਪਣੀ ਨੌਂ ਸਾਲ ਦੀ ਧੀ ਦਾ ਵਿਆਹ ਕਰਨ ਦੀ ਇਜਾਜ਼ਤ ਦੇਣਗੇ? ਉਸ ਨੇ ਕਿਹਾ, "ਇਰਾਕੀ ਭਾਈਚਾਰਾ ਸਪੱਸ਼ਟ ਤੌਰ 'ਤੇ ਇਨ੍ਹਾਂ ਪ੍ਰਸਤਾਵਾਂ ਨੂੰ ਰੱਦ ਕਰਦਾ ਹੈ, ਇਸ ਨੂੰ ਇਰਾਕੀ ਮਰਦਾਂ ਅਤੇ ਔਰਤਾਂ ਦੋਵਾਂ ਦਾ ਅਪਮਾਨ ਕਰਾਰ ਦਿੰਦਾ ਹੈ। ਅਸੀਂ ਸਾਲਾਂ ਤੋਂ ਇਸ ਵਿਰੁੱਧ ਲੜ ਰਹੇ ਹਾਂ।" ਇਸ ਭਟਕਣਾ ਲਈ ਉਨ੍ਹਾਂ ਦਾ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਇਰਾਕੀ ਔਰਤਾਂ ਅਤੇ ਸਿਵਲ ਸੋਸਾਇਟੀ ਨੂੰ ਇੱਕ ਕਾਨੂੰਨ ਨਾਲ ਡਰਾਉਣਾ ਹੈ ਜੋ ਆਧੁਨਿਕ ਸਮੇਂ 'ਚ ਇਰਾਕੀ ਔਰਤਾਂ ਦੇ ਸਾਰੇ ਅਧਿਕਾਰਾਂ ਨੂੰ ਖੋਹ ਲੈਂਦਾ ਹੈ। ਇਹ ਔਰਤਾਂ 'ਤੇ ਪੁਰਾਤਨ ਇਸਲਾਮੀ ਸ਼ਰੀਆ ਥੋਪਦਾ ਹੈ।

# ਟੂਰਿਸਟ ਵੀਜ਼ੇ 'ਤੇ ਪੰਜਾਬ ਆਈਆਂ ਥਾਈਲੈਂਡ ਦੀਆਂ ਲੜਕੀਆਂ ਪੈਸੇ ਕਮਾਉਣ ਦੇ ਚੱਕਰ 'ਚ ਵੇਚ ਰਹੀਆਂ ਨੇ ਆਪਣੇ ਸ਼ਰੀਰ

ਮਾਲਟਨ: ਟੂਰਿਸਟ ਵੀਜ਼ੇ 'ਤੇ ਭਾਰਤ ਆਈਆਂ ਥਾਈਲੈਂਡ ਦੀਆਂ ਕੁੱਝ ਲੜਕੀਆਂ ਪੈਸੇ ਕਮਾਉਣ ਲਈ ਸਾਰੀਆਂ ਹੱਦਾਂ ਪਾਰ ਕਰ ਦਿੰਦੀਆਂ ਹਨ। ਅਜਿਹਾ ਹੀ ਮਾਮਲਾ ਲੁਧਿਆਣਾ 'ਚ ਸਾਹਮਣੇ ਆਇਆ ਹੈ ਜਿੱਥੇ 250 ਤੋਂ ਵੱਧ ਸਪਾ ਸੈਂਟਰ ਚੱਲ ਰਹੇ ਹਨ ਜਿਨ੍ਹਾਂ 'ਚੋਂ 50 ਤੋਂ ਵੱਧ ਥਾਈ ਲੜਕੀਆਂ ਆਪਣੇ ਸ਼ਰੀਰ ਵੇਚ ਰਹੀਆਂ ਹਨ। ਆਖ਼ਿਰ ਕਿਸ ਦੇ ਉਕਸਾਹਟ 'ਤੇ ਥਾਈਲੈਂਡ ਦੀਆਂ ਲੜਕੀਆਂ ਇੰਨੇ ਨਿਡਰ ਹੋ ਕੇ ਅਨੈਤਿਕ ਕੰਮ ਕਰ ਰਹੀਆਂ ਹਨ ਅਤੇ ਨੌਜਵਾਨ ਪੀੜ੍ਹੀ ਨੂੰ ਬਰਬਾਦ ਕਰਨ 'ਤੇ ਤੁਲੀਆਂ ਹੋਈਆਂ ਹਨ, ਇਹ ਚਿੰਤਾ ਦਾ ਵਿਸ਼ਾ ਹੈ। ਇਹ ਸਭ ਕੁੱਝ ਪੁਲੀਸ ਪ੍ਰਸ਼ਾਸ਼ਨ ਦੀ ਨੱਕ ਹੇਠ ਹੀ ਚੱਲ ਰਿਹਾ ਹੈ, ਪਰ ਪੁਲੀਸ ਪ੍ਰਸ਼ਾਸ਼ਨ ਨੇ ਪਤਾ ਨਹੀਂ ਕਿਉਂ ਅੱਖਾਂ ਮੀਟ ਲਈਆਂ ਹਨ।



ਸਮੇਂ- ਸਮੇਂ 'ਤੇ ਮਹਾਂਨਗਰ 'ਚ ਹੋ ਰਹੀਆਂ ਅਨੈਤਿਕ ਅਤੇ ਸਮਾਜ ਵਿਰੋਧੀ ਗਤੀਵਿਧੀਆਂ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਜਾ ਰਿਹਾ ਹੈ। ਤਕਰੀਬਨ 15 ਦਿਨਾਂ ਬਾਅਦ ਪੰਜਾਬ ਦੀ ਇੱਕ ਮਸ਼ਹੂਰ ਅਖ਼ਬਾਰ ਦੀ ਟੀਮ ਨੇ ਫ਼ਿਰ ਤੋਂ ਮਹਾਨਗਰ ਦੇ ਕਈ ਸਪਾ ਸੈਂਟਰਾਂ ਦਾ ਦੌਰਾ ਕੀਤਾ। ਜਿੱਥੇ ਥਾਈ ਲੜਕੀਆਂ ਬਿਨਾਂ ਕਿਸੇ ਡਰ ਦੇ ਗ਼ੈਰ-ਕਾਨੂੰਨੀ ਦੇਹ ਵਪਾਰ ਦਾ ਧੰਦਾ ਕਰ ਰਹੀਆਂ ਹਨ। ਥਾਈਲੈਂਡ ਤੋਂ ਜ਼ਿਆਦਾਤਰ ਲੜਕੀਆਂ ਟੂਰਿਸਟ ਵੀਜ਼ੇ 'ਤੇ ਭਾਰਤ ਆਈਆਂ ਹਨ। ਟੀਮ ਨੇ ਥਾਣਾ ਡਵੀਜ਼ਨ ਨੰਬਰ ਪੰਜ ਥਾਣਾ ਮਾਡਲ ਟਾਊਨ ਅਤੇ ਮਹਾਂਨਗਰ ਦੇ ਹੋਰ ਇਲਾਕਿਆਂ ਦੇ ਕਈ ਸਪਾ ਸੈਂਟਰਾਂ ਦਾ ਦੌਰਾ ਕੀਤਾ ਜਿੱਥੇ ਥਾਈ ਲੜਕੀਆਂ ਬਿਨਾਂ ਕਿਸੇ ਡਰ ਦੇ ਅਨੈਤਿਕ ਹਰਕਤਾਂ ਕਰਦੀਆਂ ਨਜ਼ਰ ਆਈਆਂ।

**ਮੂੰਹੋਂ ਬੋਲ ਕੇ ਦੱਸਦੀਆਂ ਨੇ ਸਰਵਿਸ ਦਾ ਮੈਨੀਊ**

ਅਖ਼ਬਾਰ ਦੀ ਟੀਮ ਨੇ ਤਿੰਨ ਵਿਅਕਤੀਆਂ ਨੂੰ ਗਾਹਕਾਂ ਦਾ ਭੇਸ ਬਣਾ ਕੇ ਥਾਣਾ ਮਾਡਲ ਟਾਊਨ, ਦੁੱਗਰੀ ਅਤੇ ਥਾਣਾ ਡਵਿਯਨ ਨੰਬਰ 5 ਦੇ ਏਰੀਏ 'ਚ ਭੇਜਿਆ ਜਿੱਥੇ ਕਾਊਂਟਰ 'ਤੇ ਗੱਲਬਾਤ ਕਰਨ ਤੋਂ ਬਾਅਦ ਉਹ ਗਾਹਕ ਬਣ ਕੇ ਅੰਦਰ ਚਲਾ ਗਿਆ ਅਤੇ ਥਾਈ ਲੜਕੀ ਨੇ ਆਪਣਾ ਮੈਨੀਊ ਮੂੰਹੋਂ ਬੋਲ ਕੇ ਦੱਸਿਆ, ਜਿਸ ਨੂੰ ਨੈਤਿਕਤਾ ਦੇ ਕਾਰਨ ਅਸੀਂ ਲਿਖ ਵੀ ਨਹੀਂ ਸਕਦੇ।ਇਸ ਸਬੰਧੀ ਜਦੋਂ 13♦ ਸਿਵਲ ਲਾਈਨ ਜਤਿਨ ਬਾਂਸਲ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਪੁਲਸ ਪ੍ਰਸ਼ਾਸਨ ਦੀ ਅਨੈਤਿਕ ਕਾਰਵਾਈ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜੇਕਰ ਕੋਈ ਸਪਾ ਸੈਂਟਰ ਅਨੈਤਿਕ ਕੰਮ ਕਰਦਾ ਪਾਇਆ ਗਿਆ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।






# 30 ਖ਼ਤਰਨਾਕ ਵਾਇਰਸ ਦੁਨੀਆਂ ’ਚ ਫ਼ੈਲਾ ਸਕਦੇ ਨੇ ਮਹਾਂਮਾਰੀ, ਕੋਈ ਟੀਕਾ ਅਤੇ ਇਲਾਜ ਨਹੀਂ ਮੌਜੂਦ

ਸੰਯੁਕਤ ਰਾਸ਼ਟਰ: ਕੋਰੋਨਾਵਾਇਰਸ ਕਾਰਨ ਹੋਈ ਤਬਾਹੀ ਨੂੰ ਅਜੇ ਤਕ ਭੁਲਾਇਆ ਨਹੀਂ ਜਾ ਸਕਿਆ। ਦੁਨੀਆਂ ਭਰ ’ਚ ਲੱਖਾਂ ਮੌਤਾਂ ਦਾ ਕਾਰਨ ਬਣ ਚੁੱਕੇ ਇਸ ਵਾਇਰਸ ਦਾ ਸਿਰਫ਼ ਜ਼ਿਕਰ ਹੀ ਡਰ ਪੈਦਾ ਕਰਦਾ ਹੈ ਸਗੋਂ ਸਭ ਤੋਂ ਵੱਡਾ ਡਰ ਇਹ ਹੈ ਕਿ ਕੋਰੋਨਾ ਤੋਂ ਵੀ ਜ਼ਿਆਦਾ ਘਾਤਕ ਵਾਇਰਸ ਹਨ ਜੋ ਦੁਨੀਆਂ ’ਚ ਭਿਆਨਕ ਮਹਾਂਮਾਰੀ ਲਿਆ ਸਕਦੇ ਹਨ। ਚਿੰਤਾ ਦੀ ਗੱਲ ਇਹ ਹੈ ਕਿ ਹੁਣ ਤਕ ਇਨ੍ਹਾਂ ਵਾਇਰਸਾਂ ਨਾਲ ਲੜਨ ਲਈ ਨਾ ਤਾਂ ਕੋਈ ਵੈਕਸੀਨ ਹੈ ਅਤੇ ਨਾ ਹੀ ਕੋਈ ਕਾਰਗਰ ਇਲਾਜ। ਆਓ ਤੁਹਾਨੂੰ ਦੱਸਦੇ ਹਾਂ ਇਨ੍ਹਾਂ ਵਾਇਰਸਾਂ ਬਾਰੇ।

ਅਗਲੀ ਮਹਾਂਮਾਰੀ ਲਈ 30 ਖਤਰਨਾਕ ਵਾਇਰਸ ਜਾਂ ਬੈਕਟੀਰੀਆ ਜ਼ਿੰਮੇਵਾਰ ਹੋ ਸਕਦੇ ਹਨ। ਵਿਸ਼ਵ ਸਿਹਤ ਸੰਗਠਨ ਨੇ ਇੱਕ ਸੂਚੀ ਜਾਰੀ ਕੀਤੀ ਹੈ ਜਿਸ ’ਚ ਅਗਲੀ ਮਹਾਂਮਾਰੀ ਦਾ ਕਾਰਨ ਬਣਨ ਵਾਲੇ ਕੀਟਾਣੂਆਂ ਦਾ ਜ਼ਿਕਰ ਕੀਤਾ ਗਿਆ ਹੈ, ਅਤੇ ਉਨ੍ਹਾਂ ਦੀ ਗਿਣਤੀ 30 ਹੋ ਗਈ ਹੈ। ਇਸ ਸੂਚੀ ’ਚ ਇਨਫ਼ਲੂਐਂਜ਼ਾ A ਵਾਇਰਸ, ਡੇਂਗੂ ਵਾਇਰਸ ਅਤੇ ਮੰਕੀਪੌਕਸ ਵਾਇਰਸ ਨੂੰ ਪ੍ਰਾਥਮਿਕ ਰੋਗਾਣੂਆਂ ’ਚ ਸ਼ਾਮਿਲ ਕੀਤਾ ਗਿਆ ਹੈ। ਇਸ ਸੂਚੀ ਨੂੰ ਜਾਰੀ ਕਰਨ ਦਾ ਮਕਸਦ ਇਲਾਜ, ਟੀਕੇ ਅਤੇ ਡਾਇਗਨੌਸਟਿਕਸ ਵਿਕਸਿਤ ਕਰਨ ਦੀਆਂ ਕੋਸ਼ਿਸ਼ਾਂ ਨੂੰ ਹੁਲਾਰਾ ਦੇਣਾ ਹੈ।



ਇਹ ਸੂਚੀ ਠੋਸ ਸਬੂਤਾਂ ਦੇ ਆਧਾਰ ’ਤੇ ਤਿਆਰ ਕੀਤੀ ਗਈ ਹ ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਕੀਟਾਣੂ ਬਹੁਤ ਜ਼ਿਆਦਾ ਛੂਤਕਾਰੀ ਅਤੇ ਘਾਤਕ ਹਨ, ਅਤੇ ਉਹਨਾਂ ਲਈ ਕੋਈ ਪ੍ਰਭਾਵੀ ਇਲਾਜ ਉਪਲਬਧ ਨਹੀਂ। ਮਹਾਂਮਾਰੀ ਲਈ WHO R&D ਬਲੂਪ੍ਰਿੰਟ ਦੀ ਮੁਖੀ ਆਨਾ ਮਾਰੀਆ ਹੇਨਾਓ ਰੈਸਟਰੇਪੋ ਨੇ ਕਿਹਾ ਕਿ ਤਰਜੀਹੀ ਪ੍ਰਕਿਰਿਆ ਗਿਆਨ ਦੇ ਮਹੱਤਵਪੂਰਣ ਪਾੜੇ ਦੀ ਪਛਾਣ ਕਰਨ ’ਚ ਮਦਦ ਕਰਦੀ ਹੈ। ਜਿਸ ਨੂੰ ਤੁਰੰਤ ਹੱਲ ਕਰਨ ਦੀ ਲੋੜ ਹੈ।

ਪਿਛਲੇ ਦੋ ਸਾਲਾਂ ’ਚ 200 ਤੋਂ ਵੱਧ ਵਿਗਿਆਨੀਆਂ ਨੇ 1,652 ਤੋਂ ਵੱਧ ਕੀਟਾਣੂਆਂ ਦੀਆਂ ਕਿਸਮਾਂ - ਜਿਆਦਾਤਰ ਵਾਇਰਸ ਅਤੇ ਕੁੱਝ ਬੈਕਟੀਰੀਆ ਦਾ ਮੁਲਾਂਕਣ ਕੀਤਾ। ਵਿਆਪਕ ਅਧਿਐਨ ਤੋਂ ਬਾਅਦ 30 ਘਾਤਕ ਕੀਟਾਣੂਆਂ ਦੀ ਪਛਾਣ ਕੀਤੀ ਗਈ। ਇਹਨਾਂ ’ਚ ਸ਼ਾਮਿਲ ਹਨ ਜਿਨ੍ਹਾਂ ਨੇ ਗਲੋਬਲ ਕੋਵਿਡ-19 ਮਹਾਂਮਾਰੀ ਪੈਦਾ ਕੀਤੀ ਅਤੇ ਮੈਰਬੇਕੋਵਾਇਰਸ ਵੀ ਜੋ ਮੱਧ ਪੂਰਬ ਸਾਹ ਲੈਣ ਵਾਲੇ ਸਿੰਡਰੋਮ ਦਾ ਕਾਰਨ ਬਣਦਾ ਹੈ। ਮੰਕੀਪੌਕਸ ਵਾਇਰਸ, ਜਿਸ ਨੇ 2022 ’ਚ ਗਲੋਬਲ ਐੱਮਪੌਕਸ ਪ੍ਰਕੋਪ ਦਾ ਕਾਰਨ ਬਣਾਇਆ, ਨੂੰ ਵੀ ਇਸ ਸੂਚੀ ’ਚ ਸ਼ਾਮਿਲ ਕੀਤਾ ਗਿਆ ਹੈ।ਵੇਰੀਓਲਾ ਵਾਇਰਸ, ਜੋ ਚੇਚਕ ਦਾ ਕਾਰਨ ਬਣਦਾ ਹੈ, ਨੂੰ ਵੀ ਇਸ ਸੂਚੀ ’ਚ ਸ਼ਾਮਿਲ ਕੀਤਾ ਗਿਆ ਹੈ ਹਾਲਾਂਕਿ ਇਸ ਨੂੰ 1980 ’ਚ ਖ਼ਤਮ ਕਰ ਦਿੱਤਾ ਗਿਆ ਸੀ। ਲੋਕ ਹੁਣ ਇਸ ਲਈ ਟੀਕਾਕਰਨ ਨਹੀਂ ਕਰ ਰਹੇ, ਇਸ ਲਈ ਇਸ ਦੇ ਵਿਰੁੱਧ ਪ ਪੱਧਰ ’ਤੇ ਪ੍ਰਸਾਰਣ ਦੇ ਜ਼ੋਖਮ ਨੂੰ ਵਧਾ ਸਕਦਾ ਹੈ।

ਵਿਸ਼ਵ ਸਿਹਤ ਸੰਗਠਨ ਦਾ ਕਹਿਣਾ ਹੈ ਕਿ ਉਹ ਹਰ ਸੰਭਵ ਕਿਸਮ ਦੇ ਰੋਗਾਣੂਆਂ ਦੀ ਖੋਜ ਕਰ ਰਹੇ ਹਨ ਜੋ ਭਵਿੱਖ ’ਚ ਮਹਾਂਮਾਰੀ ਦਾ ਰੂਪ ਲੈ ਸਕਦੇ ਹਨ। ਇਹ ਚੁਣੌਤੀਪੂਰਣ ਸਮੇਂ ਆਉਣ ’ਤੇ ਵਾਇਰਸ ਨਾਲ ਲੜਨ ਅਤੇ ਨਜਿੱਠਣ ’ਚ ਮਦਦ ਕਰ ਸਕਦਾ ਹੈ। ਨਾਲ ਹੀ ਵਾਇਰਸ ਨੂੰ ਫ਼ੈਲਣ ਤੋਂ ਰੋਕਿਆ ਜਾ ਸਕਦਾ ਹੈ। ਸੰਗਠਨ ਦਾ ਕਹਿਣਾ ਹੈ ਕਿ ਇਸਦੀ ਮਦਦ ਨਾਲ ਸਿਹਤ ਖੇਤਰ ਨੂੰ ਅਗਿਆਤ ਖ਼ਤਰੇ ਪੈਥੋਜਨ ਐਕਸ ਖ਼ਿਲਾਫ਼ ਮਜ਼ਬੂਤ ਕੀਤਾ ਜਾ ਸਕਦਾ ਹੈ ਜਿਸ ’ਚ ਭਵਿੱਖ ’ਚ ਮਹਾਂਮਾਰੀ ਫ਼ੈਲਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਇਹ ਲੋਕਾਂ ਨੂੰ ਜਾਗਰੂਕ ਕਰਨ ’ਚ ਵੀ ਮਦਦ ਕਰ ਸਕਦਾ ਹੈ।

# ਬ੍ਰਿਟੇਨ ਨੇ ਫ਼ੈਮਿਲੀ ਵੀਜ਼ਾ ਆਮਦਨ ਸੀਮਾ ਘਟਾਉਣ ਦਾ 50 ਹਜ਼ਾਰ ਭਾਰਤੀਆਂ ਨੂੰ ਫ਼ਾਇਦਾ

ਇੰਗਲੈਂਡ: ਬ੍ਰਿਟੇਨ ਦੀ ਨਵੀਂ ਲੇਬਰ ਸਰਕਾਰ ਨੇ ਵਿਦੇਸ਼ੀ ਭਾਰਤੀ ਪੇਸ਼ੇਵਰਾਂ ਦੇ ਹੱਕ ’ਚ ਵੱਡਾ ਫ਼ੈਸਲਾ ਲਿਆ ਹੈ। ਹੁਣ ਫ਼ੈਮਿਲੀ ਵੀਜ਼ਾ ਲਈ ਸਾਲਾਨਾ ਆਮਦਨ ਸੀਮਾ 41 ਲੱਖ ਰੁਪਏ ਤੋਂ ਘਟਾ ਕੇ 30 ਲੱਖ ਰੁਪਏ ਕਰ ਦਿੱਤੀ ਗਈ ਹੈ। ਇਸ ਨਾਲ ਬ੍ਰਿਟੇਨ ’ਚ ਰਹਿ ਰਹੇ 50 ਹਜ਼ਾਰ ਤੋਂ ਜ਼ਿਆਦਾ ਭਾਰਤੀ ਪੇਸ਼ੇਵਰਾਂ ਨੂੰ ਫ਼ਾਇਦਾ ਹੋਵੇਗਾ।ਸਾਬਕਾ ਰਿਸ਼ੀ ਸੁਨਕ ਸਰਕਾਰ ਨੇ ਪਰਵਾਸੀਆਂ ਦੀ ਗਿਣਤੀ ਘਟਾਉਣ ਲਈ ਆਮਦਨ ਸੀਮਾ 30 ਲੱਖ ਰੁਪਏ ਤੋਂ ਵਧਾ ਕੇ 41 ਲੱਖ ਰੁਪਏ ਕਰ ਦਿੱਤੀ ਸੀ। ਇਸ ਕਾਰਨ ਭਾਰਤੀਆਂ ਦੇ ਪਰਿਵਾਰਕ ਵੀਜ਼ਿਆਂ ’ਚ ਭਾਰੀ ਕਮੀ ਆਈ। 2023 ’ਚ ਜਿੱਥੇ 55 ਹਜ਼ਾਰ ਨੇ ਫ਼ੈਮਿਲੀ ਵੀਜ਼ਾ ਲਈ ਅਪਲਾਈ ਕੀਤਾ ਸੀ, ਉੱਥੇ ਜੁਲਾਈ 2024 ਤਕ ਸਿਰਫ਼ 33 ਹਜ਼ਾਰ ਨੇ ਐਪਲਾਈ ਕੀਤਾ ਸੀ। ਬ੍ਰਿਟੇਨ ਦੀ ਗ੍ਰਹਿ ਮੰਤਰੀ ਯਵੇਟ ਕੂਪਰ ਨੇ ਕਿਹਾ, “ਸੁਨਕ ਸਰਕਾਰ ਦਾ ਫ਼ੈਸਲਾ ਭਾਰਤੀ ਹਿੱਤਾਂ ਦੇ ਉਲਟ ਸੀ, ਅਸੀਂ ਇਸ ਨੂੰ ਉਲਟਾ ਦਿੱਤਾ ਹੈ।”



**ਤਿੰਨ ਕਾਰਨ ਜਿਨ੍ਹਾਂ ਕਾਰਨ ਬ੍ਰਿਟੇਨ ਨੇ ਆਮਦਨ ਸੀਮਾ ’ਤੇ ਬਦਲਿਆ ਆਪਣਾ ਫ਼ੈਸਲਾ:** ਬ੍ਰਿਟੇਨ ਨੂੰ 50 ਹਜ਼ਾਰ ਹੋਰ ਭਾਰਤੀ ਪੇਸ਼ੇਵਰਾਂ ਦੀ ਜ਼ਰੂਰਤ ਹੈ। ਬ੍ਰੈਗਜ਼ਿਟ ਕਾਰਨ ਯੌਰਪ ਦੇ ਦੂਜੇ ਦੇਸ਼ਾਂ ਤੋਂ **IT, AI** ਅਤੇ ਮੈਡੀਕੋ ਪੇਸ਼ੇਵਰ ਬ੍ਰਿਟੇਨ ਨਹੀਂ ਜਾ ਰਹੇ। ਇਸ ਸਾਲ ਬ੍ਰਿਟੇਨ ਨੇ ਅਰਥ-ਵਿਵਸਥਾ ’ਚ 0.8 ਫ਼ੀਸਦੀ ਦੀ ਵਿਕਾਸ ਦਰ ਹਾਸਿਲ ਕਰਨ ਲਈ 50 ਹਜ਼ਾਰ ਭਾਰਤੀ ਪੇਸ਼ੇਵਰਾਂ ਨੂੰ ਸੱਦਾ ਦੇਣ ਦਾ ਟੀਚਾ ਰੱਖਿਆ ਹੈ।

**ਪ੍ਰੋਫ਼ੈਸ਼ਨਲ ਵੀਜ਼ਿਆਂ ’ਤੇ ਭਾਰਤੀਆਂ ਦੀ ਸਭ ਤੋਂ ਵੱਧ ਗਿਣਤੀ, ਘੱਟ ਰਹੀ ਸੀ ਗਿਣਤੀ:** ਬ੍ਰਿਟੇਨ ’ਚ ਪੇਸ਼ੇਵਰ ਵੀਜ਼ਿਆਂ ’ਤੇ ਸਭ ਤੋਂ ਵੱਧ ਭਾਰਤੀ ਹਨ। 2023 ’ਚ ਸਭ ਤੋਂ ਵੱਧ ਇੱਕ ਲੱਖ 27 ਹਜ਼ਾਰ ਭਾਰਤੀ ਪੇਸ਼ੇਵਰ ਬ੍ਰਿਟੇਨ ਆਏ।

# ਐਪਲ ਦੇ ਫ਼ੀਚਰ ਨੇ ਵਿਦੇਸ਼ਾਂ ’ਚ ਬਚਾਈ ਕਈਆਂ ਦੀ ਜਾਨ

ਨਿਊ ਯੌਰਕ: ਐਪਲ ਕੋਲ ਸੈਟੇਲਾਈਟ ਆਧਾਰਿਤ SOS ਸੇਵਾ ਹੈ ਜਿਸ ਦੀ ਮਦਦ ਨਾਲ ਆਈਫ਼ੋਨ ਯੂਜ਼ਰਜ਼ ਬਿਨਾਂ ਇੰਟਰਨੈੱਟ ਅਤੇ ਮੋਬਾਇਲ ਨੈੱਟਵਰਕ ਦੇ ਮਦਦ ਲੈ ਸਕਦੇ ਹਨ। ਇਹ ਵਿਸ਼ੇਸ਼ਤਾ ਆਪਣੇ ਆਪ ਕੰਮ ਕਰਦੀ ਹੈ। ਅਮਰੀਕਾ ਸਮੇਤ ਵਿਦੇਸ਼ਾਂ ’ਚ ਜਿੱਥੇ ਇਹ ਸੇਵਾ ਲਾਈਵ ਹੋ ਚੁੱਕੀ ਹੈ, ਉੱਥੇ ਇਸ ਨਾਲ ਕਈ ਲੋਕਾਂ ਦੀ ਜਾਨ ਵੀ ਬਚ ਚੁੱਕੀ ਹੈ। ਹੁਣ ਇਹ ਸਰਵਿਸ ਜਲਦੀ ਹੀ ਭਾਰਤ ’ਚ ਦਸਤਕ ਦੇ ਸਕਦੀ ਹੈ।



ਐਪਲ ਦੀ ਸੈਟੇਲਾਈਟ ਕਮਿਊਨੀਕੇਸ਼ਨ ਸਰਵਿਸ ਪ੍ਰੋਵਾਈਡਰ ਗਲੋਬਲ ਸਟਾਰ ਭਾਰਤੀ ਬਾਜ਼ਾਰ ’ਚ ਐਂਟਰੀ ਕਰਨ ਦੀ ਯੋਜਨਾ ਬਣਾ ਰਹੀ ਹੈ, ਇਹ ਜਾਣਕਾਰੀ ਮੀਡੀਆ ਰਿਪੋਰਟਾਂ ਤੋਂ ਮਿਲੀ ਹੈ। ਮੋਬਾਇਲ ਸੈਟੇਲਾਈਟ ਸੇਵਾ ਨੈੱਟਵਰਕ ਦੀ ਮਦਦ ਨਾਲ, ਆਈਫ਼ੋਨ ਹੈੱਡਸੈੱਟ ਐਮਰਜੈਂਸੀ SOS ਵਿਸ਼ੇਸ਼ਤਾਵਾਂ ਨੂੰ ਸਿੱਧਾ ਪ੍ਰਾਪਤ ਕਰਦਾ ਹੈ। ਇਹ ਸੈਟੇਲਾਈਟ ’ਤੇ ਕੰਮ ਕਰਦਾ ਹੈ।

ਆਈਫ਼ੋਨ 14 ਅਤੇ ਆਈਫ਼ੋਨ 15 ਮਾਡਲ ਜੋ ਕ੍ਰਮਵਾਰ 2022 ਅਤੇ 2023 ’ਚ ਲੌਂਚ ਕੀਤੇ ਗਏ ਸਨ। ਇੱਥੋਂ ਐਪਲ ਨੇ ਆਪਣੀ ਸੈਟੇਲਾਈਟ SOS ਸੇਵਾ ਸ਼ੁਰੂ ਕੀਤੀ, ਅਤੇ ਉਸ ਤੋਂ ਬਾਅਦ ਇਸ ਸੇਵਾ ਨੂੰ ਅਮਰੀਕਾ ਤੋਂ ਬਾਹਰ ਵੀ ਪੇਸ਼ ਕੀਤਾ ਗਿਆ। ਮੀਡੀਆ ਰਿਪੋਰਟਾਂ ਦੇ ਅਨੁਸਾਰ ਜਲਦੀ ਹੀ ਇਹ ਭਾਰਤੀ ਉਪਭੋਗਤਾਵਾਂ ਲਈ ਵੀ ਉਪਲਬੱਧ ਹੋਵੇਗਾ।

ਐਪਲ ਦਾ ਇਹ ਫ਼ੀਚਰ ਬਹੁਤ ਫ਼ਾਇਦੇਮੰਦ ਹੈ। ਇਹ ਵਿਸ਼ੇਸ਼ਤਾ ਮੋਬਾਇਲ ਨੈੱਟਵਰਕ, ਵਾਈਫ਼ਾਈ ਕਨੈਕਟੀਵਿਟੀ ਅਤੇ ਇੰਟਰਨੈੱਟ ਤੋਂ ਬਿਨਾਂ ਫ਼ੋਨ ਤੋਂ ਸੁਨੇਹੇ ਭੇਜ ਸਕਦੀ ਹੈ, ਅਤੇ ਸਹਾਇਤਾ ਸੰਦੇਸ਼ ਭੇਜ ਸਕਦੀ ਹੈ। ਇਸ ’ਚ ਤੁਹਾਡੀ ਲੋਕੇਸ਼ਨ ਵੀ ਭੇਜੀ ਜਾਂਦੀ ਹੈ। ਇਹ ਫ਼ੀਚਰ ਸੈਟੇਲਾਈਟ ਆਧਾਰਿਤ ਹੈ।

ਟੈਲੀਕੌਮ ਰੈਗੂਲੇਟਰੀ ਅਥੌਰਿਟੀ ਔਫ਼ ਇੰਡੀਆ (ਟ੍ਰਾਈ) ਨੂੰ ਕੁੱਝ ਕਾਗਜ਼ਾਤ ਜਮ ਾਂ ਕਰਵਾਏ ਗਏ ਹਨ। ਇੱਥੇ ਕੰਪਨੀ ਨੇ ਪ੍ਰਸਤਾਵ ਦਿੱਤਾ ਹੈ ਕਿ ਉਹ ਭਾਰਤ ’ਚ ਇਸ ਸੇਵਾ ਨੂੰ (ਗਲੋਬਲ ਮੋਬਾਈਲ ਪਰਸਨਲ ਕਮਿਊਨੀਕੇਸ਼ਨਜ਼ ਵਾਇਆ ਸੈਟੇਲਾਈਟ ਸੇਵਾਵਾਂ) ਦੇ ਤਹਿਤ ਚਲਾਉਣਾ ਚਾਹੁੰਦੀ ਹੈ। ਇਹ ਪਹਿਲੀ ਵਾਰ ਹੈ ਜਦੋਂ ਗਲੋਬਲ ਸਟਾਰ ਨੇ ਭਾਰਤ ’ਚ ਆਪਣੀ ਸੇਵਾ ਲਈ ਅਰਜ਼ੀ ਦਾਖਲ ਕੀਤੀ ਹੈ।

ਐਪਲ ਦਾ ਇਹ ਸੈਟੇਲਾਈਟ ਕੋਨੈਕਟੀਵਿਟੀ ਫ਼ੀਚਰ ਕਈ ਲੋਕਾਂ ਲਈ ਕਾਫ਼ੀ ਫ਼ਾਇਦੇਮੰਦ ਸਾਬਿਤ ਹੋਇਆ ਹੈ, ਅਤੇ ਇਸ ਫ਼ੀਚਰ ਨੇ ਕਈ ਲੋਕਾਂ ਦੀ ਜਾਨ ਵੀ ਬਚਾਈ ਹੈ। ਕਈ ਮੀਡੀਆ ਰਿਪੋਰਟਾਂ ਦੱਸਦੀਆਂ ਹਨ ਕਿ ਉਹ ਅਜਿਹੀ ਜਗ ਾ ’ਤੇ ਫ਼ਸਿਆ ਹੋਇਆ ਸੀ ਜਿੱਥੇ ਉਸ ਕੋਲ ਮੋਬਾਇਲ ਨੈੱਟਵਰਕ, ਇੰਟਰਨੈੱਟ ਅਤੇ ਵਾਈਫ਼ਾਈ ਆਦਿ ਨਹੀਂ ਸੀ। ਇਸ ਤੋਂ ਬਾਅਦ ਵੀ ਆਈਫ਼ੋਨ ਦੇ SOS ਫ਼ੀਚਰ ਦੀ ਵਰਤੋਂ ਕਰਦੇ ਹੋਏ ਬਚਾਅ ਟੀਮ ਨੂੰ ਉਨ ਾਂ ਦੀ ਸਥਿਤੀ ਅਤੇ ਮਦਦ ਲਈ ਇੱਕ ਸੰਦੇਸ਼ ਭੇਜਿਆ ਗਿਆ ਸੀ। ਉਸ ਤੋਂ ਬਾਅਦ ਵਿਅਕਤੀ ਦੀ ਜਾਨ ਬਚਾਈ ਜਾ ਸਕੀ।



FREE ADMISSION We welcome All

# IDP USA
INDIA DAY PARADE
LONG ISLAND • NEW YORK

FREE CHILDREN'S CARNIVAL GAMES

Bolla Market

## VIMAL GOYAL AND DEEPAK BANSAL
(Presidents )
& IDP Team Cordially Invites Everyone to Join

## 78th INDIA'S INDEPENDENCE DAY PARADE

# 13TH INDIA DAY PARADE

## SUNDAY, AUGUST 25th, 2024 at 1:30 PM

FORM: PATEL BROTHERS TO LIRR PARKING LOT OF 125 WEST JOHN ST.
HICKSVILLE, NY 11801

### GRAND SPONSORS

### SPECIAL ATTRACTIONS:

Live DJ and Dance Performances, Cultural Programs, Dignitaries,
Mouth Watering Food and Shopping, Kids Fun and Activities, Henna & Tattoos,
Live Marching Bands, Garba, Dhol, Bhangra and Much More.



VIMAL GOYAL
IDP President

### MEDIA PARTNERS



DEEPAK BANSAL
President IDPUSA

## RAFFLE TICKETS AND EXCITING PRIZES

IDPUSA, 353 South Broadway, Hicksville, NY 11801 | Not-For-Profit 5010 (3) Organization Tax ID Number 47-3999472 | Website : www.idpusa.org

Print Sign ANMOL (EDDY) : 516-697-6200



# ਸ਼ਾਹਰੁਖ ਦਾ 'ਕਰੀਅਰ ਅਚੀਵਮੈਂਟ' ਐਵਾਰਡ ਨਾਲ ਸਨਮਾਨ

ਬੌਲੀਵੁੱਡ ਅਦਾਕਾਰ ਸ਼ਾਹਰੁਖ ਖਾਨ ਦਾ ਸਵਿਟਜ਼ਰਲੈਂਡ ਵਿੱਚ 77ਵੇਂ ਲੋਕਾਰਨੋ ਫਿਲਮ ਫੈਸਟੀਵਲ ਵਿੱਚ 'ਪਾਰਦੋ ਅੱਲਾ ਕੈਰੀਏਰਾ ਐਵਾਰਡ-ਲੋਕਾਰਨੋ ਟੂਰਿਜ਼ਮ' ਜਾਂ 'ਕਰੀਅਰ ਅਚੀਵਮੈਂਟ' ਐਵਾਰਡ ਨਾਲ ਸਨਮਾਨ ਕੀਤਾ ਗਿਆ। ਸਿਨੇਮਾ ਵਿੱਚ ਉਸ ਵੱਲੋਂ ਪਾਏ ਗਏ ਅਹਿਮ ਯੋਗਦਾਨ ਬਦਲੇ ਉਸ ਨੂੰ ਇਸ ਵੱਕਾਰੀ ਪੁਰਸਕਾਰ ਨਾਲ ਸਨਮਾਨਿਆ ਗਿਆ ਹੈ। ਸ਼ਾਹਰੁਖ (58) ਇਹ ਪੁਰਸਕਾਰ ਹਾਸਲ ਕਰਨ ਵਾਲਾ ਪਹਿਲਾ ਭਾਰਤੀ ਅਦਾਕਾਰ ਹੈ। ਉਸ ਨੂੰ ਬੀਤੀ ਸ਼ਾਮ ਪਿਆਜ਼ਾ ਗਰੈਂਡ ਸਕੁਏਅਰ ਵਿੱਚ ਕਰਵਾਏ ਗਏ ਸਮਾਗਮ ਦੌਰਾਨ ਇਹ ਪੁਰਸਕਾਰ ਦਿੱਤਾ ਗਿਆ। ਪੁਰਸਕਾਰ ਹਾਸਲ ਕਰਨ ਵੇਲੇ ਸ਼ਾਹਰੁਖ ਨੇ ਦਰਸ਼ਕਾਂ ਅਤੇ ਲੋਕਾਰਨੋ ਫਿਲਮ ਮੇਲੇ ਦੇ ਆਰਟਿਸਟਿਕ ਡਾਇਰੈਕਟਰ ਜੀਓਨਾ ਏ ਨਜ਼ਾਰੋ ਦਾ ਧੰਨਵਾਦ ਕੀਤਾ। ਉਸ ਨੇ ਕਿਹਾ, ਇਸ ਖ਼ੂਬਸੂਰਤ, ਸੱਭਿਆਚਾਰਕ ਅਤੇ ਕਲਾਤਮਕ ਸ਼ਹਿਰ ਲੋਕਾਰਨੋ ਵਿੱਚ ਮੇਰਾ ਸਵਾਗਤ ਕਰਨ ਲਈ ਸਾਰਿਆਂ ਦਾ ਧੰਨਵਾਦ। ਇੰਨੀ ਗਰਮੀ ਵਿੱਚ ਵੱਡੀ ਗਿਣਤੀ ਲੋਕ ਇਕੱਠੇ ਹੋਏ ਹਨ। ਅਜਿਹਾ ਲੱਗ ਰਿਹਾ ਹੈ ਜਿਵੇਂ ਮੈਂ ਭਾਰਤ ਵਿੱਚ ਹੀ ਹਾਂ। ਮੈਨੂੰ ਇੱਥੇ ਸੱਦਣ ਲਈ ਸਾਰਿਆਂ ਦਾ ਧੰਨਵਾਦ। ਬੀਤੀਆਂ ਦੋ ਸ਼ਾਮਾਂ ਬਹੁਤ ਸ਼ਾਨਦਾਰ ਰਹੀਆਂ।''ਉਸ ਨੇ ਕਿਹਾ, "ਸਭ ਕੁਝ ਸ਼ਾਨਦਾਰ ਰਿਹਾ। ਖਾਣਾ ਬਹੁਤ ਵਧੀਆ ਹੈ। ਮੇਰੀ ਇਤਾਲਵੀ ਭਾਸ਼ਾ ਵਿੱਚ ਸੁਧਾਰ ਹੋ ਰਿਹਾ ਹੈ। ਮੈਂ ਪਾਸਤਾ ਅਤੇ ਪੀਜ਼ਾ ਬਣਾ ਸਕਦਾ ਹਾਂ। ਮੈਂ ਇੱਥੇ ਲੋਕਾਰਨੋ ਵਿੱਚ ਇਤਾਲਵੀ ਵੀ ਸਿੱਖ ਰਿਹਾ ਹਾਂ।" ਉਸ ਨੇ ਕਿਹਾ, "ਮੈਂ ਆਮ ਤੌਰ 'ਤੇ ਅਜਿਹੇ ਮੌਕਿਆਂ 'ਤੇ ਨਹੀਂ ਜਾਂਦਾ। ਮੈਨੂੰ ਨਹੀਂ ਪਤਾ ਕਿ ਲੋਕਾਂ ਨਾਲ ਸੰਪਰਕ ਕਿਵੇਂ ਕੀਤਾ ਜਾਂਦਾ ਹੈ ਅਤੇ ਕਿਸ ਤਰ੍ਹਾਂ ਉਨ੍ਹਾਂ ਨਾਲ ਗੱਲਬਾਤ ਕੀਤੀ ਜਾਂਦੀ ਹੈ। ਮੈਨੂੰ ਬਸ ਥੋੜ੍ਹੀ-ਬਹੁਤ ਅਦਾਕਾਰੀ ਆਉਂਦੀ ਹੈ ਪਰ ਮੈਂ ਅੱਜ ਇੱਥੇ ਹਾਂ। ਮੈਂ ਸਾਰਿਆਂ ਨੂੰ ਸ਼ੁਭਕਾਮਨਾਵਾਂ ਦਿੰਦਾ ਹਾਂ।" ਇਸ ਦੌਰਾਨ 2002 ਵਿੱਚ ਰਿਲੀਜ਼ ਹੋਈ ਉਸ ਦੀ ਫਿਲਮ 'ਦੇਵਦਾਸ' ਵੀ ਦਿਖਾਈ ਗਈ।

# ਅਦਾਕਾਰਾ ਹਿਮਾਂਸ਼ੀ ਖੁਰਾਣਾ ਨੇ ਸਾਬਕਾ ਪ੍ਰੇਮੀ ਆਸਿਮ ਰਿਆਜ਼ ਤੇ ਪੋਸਟ ਰਾਹੀਂ ਕੱਸਿਆ ਤੰਜ



ਪੰਜਾਬੀ ਅਦਾਕਾਰਾ ਗਾਇਕਾ ਹਿਮਾਂਸ਼ੀ ਖੁਰਾਣਾ ਪੰਜਾਬੀ ਇੰਡਸਟਰੀ ਦਾ ਇੱਕ ਵੱਡਾ ਨਾਂ ਹੈ। ਅਦਾਕਾਰਾ ਹੋਣ ਦੇ ਨਾਲ-ਨਾਲ ਹਿਮਾਂਸ਼ੀ ਖੁਰਾਣਾ ਇੱਕ ਚੰਗੀ ਗਾਇਕਾ ਵੀ ਹੈ। ਉਸ ਨੂੰ ਪੰਜਾਬ ਦੀ ਐਸ਼ਵਰਿਆ ਰਾਏ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਹਿਮਾਂਸ਼ੀ ਖੁਰਾਣਾ ਨੇ ਵੀ ਸਲਮਾਨ ਖ਼ਾਨ ਦੇ ਰਿਐਲਿਟੀ ਸ਼ੋਅ ਬਿੱਗ ਬੌਸ 13 ਦੇ ਘਰ ਤੋਂ ਹਿੰਦੀ ਇੰਡਸਟਰੀ ਚ ਕਾਫ਼ੀ ਪਛਾਣ ਬਣਾਈ।ਹੁਣ ਹਾਲ ਹੀ @ਚ ਅਦਾਕਾਰਾ ਨੇ ਇੰਸਟਾ @ਤੇ ਪੋਸਟ ਸਾਂਝੀ ਕੀਤੀ ਹੈ, ਜਿਸ ਵਿਚ ਲਿਖਿਆ ਹੈ, ਮੇਰੇ ਬਿਨਾਂ ਤੁਹਾਨੂੰ ਕਦੇ ਵੀ ਕਿਸ ਦੀ ਕਮੀ ਨਹੀਂ ਹੋਵੇਗੀ, ਪਰ ਪਿਆਰ ਦੀ ਕਮੀ ਹਮੇਸ਼ਾ ਰਹੇਗੀ। ਹਮੇਸ਼ਾ।@
ਇੰਸਟਾਗ੍ਰਾਮ ਤੇ ਇਸ ਪੋਸਟ ਨੂੰ ਸ਼ੇਅਰ ਕਰਦੇ ਹੋਏ ਹਿਮਾਂਸ਼ੀ ਖੁਰਾਣਾ ਨੇ ਕੈਪਸ਼ਨ ਚ ਕਿਸੇ ਦਾ ਨਾਂ ਨਹੀਂ ਲਿਖਿਆ ਹੈ ਪਰ ਯੂਜ਼ਰਸ ਅੰਦਾਜ਼ਾ ਲਗਾ ਰਹੇ ਹਨ ਕਿ ਕੀ ਉਨ੍ਹਾਂ ਨੇ ਆਸਿਮ ਰਿਆਜ਼ ਤੇ ਤੰਜ ਕੱਸਿਆ ਹੈ। ਇਸ ਮਹੀਨੇ ਦੀ ਸ਼ੁਰੂਆਤ ਚ ਹਿਮਾਂਸ਼ੀ ਨੇ ਇੰਸਟਾ ਸਟੋਰੀ 'ਤੇ ਇਕ ਵੀਡੀਓ ਸ਼ੇਅਰ ਕੀਤਾ ਸੀ, ਜਿਸ ਚ ਦੱਸਿਆ ਗਿਆ ਸੀ ਕਿ ਗਲਤ ਦੇ ਖਿਲਾਫ ਬੋਲਣਾ ਕਿਉਂ ਜ਼ਰੂਰੀ ਹੈ।
ਤੁਹਾਨੂੰ ਦੱਸ ਦੇਈਏ ਕਿ ਹਿਮਾਂਸ਼ੀ ਖੁਰਾਣਾ ਦੀ ਮੁਲਾਕਾਤ ਆਸਿਮ ਰਿਆਜ਼ ਨਾਲ ਰਿਐਲਿਟੀ ਸ਼ੋਅ ਬਿੱਗ ਬੌਸ 13 ਚ ਹੋਈ ਸੀ, ਜਿੱਥੇ ਦੋਵਾਂ ਨੂੰ ਇੱਕ-ਦੂਜੇ ਨਾਲ ਪਿਆਰ ਹੋ ਗਿਆ ਸੀ। ਹਿਮਾਂਸ਼ੀ ਅਤੇ ਆਸਿਮ ਨੇ ਪਿਛਲੇ ਸਾਲ ਦਸੰਬਰ ਚ ਆਪਣੇ ਬ੍ਰੇਕਅੱਪ ਦਾ ਐਲਾਨ ਕਰਨ ਤੋਂ ਪਹਿਲਾਂ ਚਾਰ ਸਾਲ ਤੱਕ ਇਕੱਠੇ ਰਹੇ ਸਨ। ਇਕ ਰਿਪੋਰਟ @ਚ ਦਾਅਵਾ ਕੀਤਾ ਗਿਆ ਸੀ ਕਿ ਦੋਵੇਂ ਧਾਰਮਿਕ ਵਿਸ਼ਵਾਸਾਂ ਕਾਰਨ ਵੱਖ ਹੋ ਗਏ ਸਨ। ਇਕ ਸੂਤਰ ਨੇ ਦੱਸਿਆ ਕਿ ਹਿਮਾਂਸ਼ੀ ਆਪਣੇ ਬ੍ਰੇਕਅੱਪ ਨੂੰ ਲੈ ਕੇ ਕਾਫੀ ਸੰਵੇਦਨਸ਼ੀਲ ਹੈ। ਇਸ ਲਈ ਉਹ ਇਸ ਬਾਰੇ ਗੱਲ ਨਹੀਂ ਕਰਨਾ ਚਾਹੁੰਦੀ।

# ਅਦਾਕਾਰਾ ਨੀਰੂ ਬਾਜਵਾ ਦੇ ਸਾਦਗੀ ਭਰੇ ਅੰਦਾਜ਼ ਨੇ ਖਿੱਚਿਆ ਲੋਕਾਂ ਦਾ ਧਿਆਨ

ਮਸ਼ਹੂਰ ਪੰਜਾਬੀ ਅਦਾਕਾਰਾ ਨੀਰੂ ਬਾਜਵਾ ਅਕਸਰ ਆਪਣੀ ਅਦਾਕਾਰੀ ਅਤੇ ਖ਼ੂਬਸੂਰਤੀ ਨੂੰ ਲੈ ਕੇ ਹਮੇਸ਼ਾ ਹੀ ਸੁਰਖੀਆਂ ਚ ਬਣੀ ਰਹਿੰਦੀ ਹੈ। ਨੀਰੂ ਬਾਜਵਾ ਅਦਾਕਾਰੀ ਦੇ ਨਾਲ-ਨਾਲ ਸੋਸ਼ਲ ਮੀਡੀਆ ਤੇ ਕਾਫ਼ੀ ਐਕਟਿਵ ਰਹਿੰਦੀ ਹੈ।ਉਹ ਅਕਸਰ ਹੀ ਆਪਣੀ ਤਸਵੀਰਾਂ ਤੇ ਵੀਡੀਓਜ਼ ਨਾਲ-ਨਾਲ ਆਪਣੀ ਪਰਸਨਲ ਤੇ ਪ੍ਰੋਫੈਸ਼ਨਲ ਲਾਈਫ ਨਾਲ ਜੁੜੇ ਅਪਡੇਟਸ ਫੈਨਜ਼ ਨਾਲ ਸ਼ੇਅਰ ਕਰਦੀ ਰਹਿੰਦੀ ਹੈ।
ਹਾਲ ਹੀ ਚ ਨੀਰੂ ਬਾਜਵਾ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ ਤੇ ਆਪਣੀਆਂ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਇਨ੍ਹਾਂ ਤਸਵੀਰਾਂ ਚ ਨੀਰੂ ਬਾਜਵਾ ਦਾ ਹੌਟ ਲੁੱਕ ਵੇਖਣ ਨੂੰ ਮਿਲ ਰਿਹਾ ਹੈ।
ਦੱਸ ਦਈਏ ਕਿ ਪੰਜਾਬੀ ਫ਼ਿਲਮ ਉਦਯੋਗ ਦੀ ਮਲਟੀ ਟੈਲੇਂਟਡ ਅਦਾਕਾਰਾ ਨੀਰੂ ਬਾਜਵਾ ਨੇ ਆਪਣੀ ਖ਼ੂਬਸੂਰਤੀ ਨਾਲ ਕਰੋੜਾਂ ਲੋਕਾਂ ਨੂੰ ਦੀਵਾਨਾ ਬਣਾਇਆ ਹੈ। ਵਧਦੀ ਉਮਰ ਦੇ ਨਾਲ, ਉਹ ਪਹਿਲੇ ਨਾਲੋਂ ਵਧੇਰੇ ਸੁੰਦਰ ਹੁੰਦੀ ਜਾ ਰਹੀ ਹੈ। ਉਹ ਨਾ ਸਿਰਫ ਆਪਣੀ ਅਦਾਕਾਰੀ ਦੀ ਕੁਸ਼ਲਤਾ ਨਾਲ, ਬਲਕਿ ਆਪਣੀ ਸਟਾਈਲਿਸ਼ ਗੇਮ ਨਾਲ ਵੀ ਪ੍ਰਸ਼ੰਸਕਾਂ ਨੂੰ ਪ੍ਰਭਾਵਿਤ ਕਰਦੀ ਹੈ।



ਨੀਰੂ ਬਾਜਵਾ ਨੇ ਹਾਲ ਹੀ ਚ ਇੰਸਟਾਗ੍ਰਾਮ ਤੇ ਕਈ ਤਸਵੀਰਾਂ ਸ਼ੇਅਰ ਕੀਤੀਆਂ ਹਨ। ਇਨ੍ਹਾਂ ਤਸਵੀਰਾਂ ਚ ਉਹ ਬੇਹੱਦ ਖ਼ੂਬਸੂਰਤ ਲੱਗ ਰਹੀ ਹੈ। ਦੱਸਣਯੋਗ ਹੈ ਕਿ ਨੀਰੂ ਬਾਜਵਾ ਇਨ੍ਹੀਂ ਦਿਨੀਂ ਆਪਣੀ ਆਉਣ ਵਾਲੀ ਫ਼ਿਲਮਾਂ ਤੇ ਕੰਮ ਕਰ ਰਹੀ ਹੈ। ਅਦਾਕਾਰਾ ਜਲਦ ਹੀ ਆਪਣੀ ਨਵੀਂ ਫ਼ਿਲਮ ਵਾਹ ਨੀ ਪੰਜਾਬਣੇ ਅਤੇ ਫ਼ਿਲਮ ਸ਼ੁਕਰਾਨਾ ਚ ਨਜ਼ਰ ਆਵੇਗੀ। ਨੀਰੂ ਬਾਜਵਾ ਦੀ ਫ਼ਿਲਮ ਸ਼ੁਕਰਾਨਾ ਅਗਲੇ ਸਾਲ 9 ਮਈ 2025 ਨੂੰ ਰਿਲੀਜ਼ ਹੋਵੇਗੀ।

ਕੋਈ ਦੋ ਰਾਏ ਨਹੀਂ ਕਿ ਔਰਤ ਨੇ ਆਪਣੀ ਮਿਹਨਤ ਸਦਕਾ ਉੱਚੇ ਮੁਕਾਮ ਪ੍ਰਾਪਤ ਕਰ ਲਏ ਹਨ ਪਰ ਉਸ ਨੂੰ ਮਰਦ ਪ੍ਰਧਾਨ ਸਮਾਜ ਅੱਜ ਵੀ ਗੁਲਾਮ ਸਮਝਦਾ ਹੈ। ਅੱਜ ਦੀ ਔਰਤ ਜਿਹੜੀ ਗੁਲਾਮੀ ਹੰਢਾ ਰਹੀ ਹੈ, ਇਹ ਅਣਦਿਸਦੀ ਗੁਲਾਮੀ ਹੈ।

# ਔਰਤ ਦੀ ਆਜ਼ਾਦੀ ਬਨਾਮ ਅਣਦਿਸਦੀ ਗ਼ੁਲਾਮੀ

- ਸਤਿੰਦਰ ਕੌਰ



ਅੱਜ ਵੀ ਔਰਤਾਂ ਘਰ ਦੇ ਕੰਮਾਂ, ਬੱਚੇ ਪਾਲਣ, ਪਰਿਵਾਰਕ ਜ਼ਿੰਮੇਵਾਰੀਆਂ ਚੁੱਕਣ ਨੂੰ ਹੀ ਆਪਣਾ ਅਸਲ ਧਰਮ ਮੰਨਦੀਆਂ ਹਨ। ਉਹ ਆਪਣੇ ਅਸਲ ਹੱਕਾਂ ਤੋਂ ਜਾਣੂੰ ਨਹੀਂ ਜਾਂ ਇਉਂ ਕਹਿਣਾ ਜ਼ਿਆਦਾ ਸਹੀ ਹੈ ਕਿ ਰੂੜ ਸਭਿਆਚਾਰਕ ਮਾਨਤਾਵਾਂ ਦੇ ਬਹਾਨੇ ਉਨ੍ਹਾਂ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਹੋਣ ਦੇ ਮੌਕੇ ਨਹੀਂ ਦਿੱਤੇ ਜਾਂਦੇ। ਹੁਣ ਪ੍ਰਸ਼ਨ ਹੈ ਕਿ ਔਰਤ ਦੀ ਅਜਿਹੀ ਹਾਲਤ ਦਾ ਅਸਲ ਜ਼ਿੰਮੇਵਾਰ ਕੌਣ ਹੈ ? ਕੀ ਸਮਾਜ ਜ਼ਿੰਮੇਵਾਰ ਹੈ ਜਾਂ ਇਸ ਦੀ ਜ਼ਿੰਮੇਵਾਰੀ ਖ਼ੁਦ ਔਰਤ ਉੱਤੇ ਵੀ ਹੈ ?

ਪੜ੍ਹੇ ਲਿਖੇ ਅਤੇ ਸ਼ਹਿਰੀ ਲੋਕਾਂ ਦੀਆਂ ਮਜਲਿਸਾਂ ਵਿਚ ਔਰਤ ਤੇ ਮਰਦ ਦੀ ਬਰਾਬਰੀ ਦੀਆਂ ਇਹ ਗੱਲਾਂ ਆਮ ਹੀ ਸੁਣਨ-ਪੜ੍ਹਨ ਨੂੰ ਮਿਲਦੀਆਂ ਹਨ: ਔਰਤ ਆਜ਼ਾਦ ਹੋ ਚੁੱਕੀ ਹੈ, ਉਹ ਸਿੱਖਿਅਤ ਹੋਣ ਦੇ ਨਾਲ ਨਾਲ ਆਰਥਿਕ ਤੌਰ ਉੱਤੇ ਸਵੈ-ਨਿਰਭਰ ਹੈ, ਉਹ ਆਪਣੀ ਜ਼ਿੰਦਗੀ ਦੇ ਅਹਿਮ ਫੈਸਲੇ ਵੀ ਖ਼ੁਦ ਕਰਨ ਲੱਗ ਪਈ ਹੈ। ਇਕ ਸੀਮਿਤ ਪੱਧਰ 'ਤੇ ਇਨ੍ਹਾਂ ਵਿਚ ਸੱਚਾਈ ਵੀ ਹੈ ਪਰ ਨਾਲ ਹੀ ਕੁੜੀਆਂ ਨਾਲ ਨਿੱਤ ਛੇੜ-ਛਾੜ, ਬਲਾਤਕਾਰ, ਭਰੂਣ ਹੱਤਿਆ, ਦਾਜ ਕਾਰਨ ਹੋ ਰਹੇ ਕੁੜੀਆਂ ਦੇ ਕਤਲ, ਘਰੇਲੂ ਹਿੰਸਾ ਆਦਿ ਵਰਗੀਆਂ ਵਾਰਦਾਤਾਂ ਵੀ ਰੋਜ਼ ਪੜ੍ਹਨ-ਸੁਣਨ ਲਈ ਮਿਲ ਜਾਂਦੀਆਂ ਹਨ। ਆਲੇ-ਦੁਆਲੇ ਦੇ ਇਨ੍ਹਾਂ ਹਾਲਾਤ ਬਾਰੇ ਜਾਣ ਕੇ ਇਸ ਗੱਲ ਉੱਤੇ ਸ਼ੱਕ ਹੁੰਦਾ ਹੈ ਕਿ ਕੀ ਔਰਤ ਸੱਚਮੁੱਚ ਆਜ਼ਾਦ ਹੋ ਚੁੱਕੀ ਹੈ ? ਜਾਂ ਇਸ ਪਿੱਛੇ ਕੋਈ ਹੋਰ ਸੱਚ ਛੁਪਿਆ ਪਿਆ ਹੈ ਜੋ ਦਿਖਾਈ ਨਹੀਂ ਦੇ ਰਿਹਾ ਅਤੇ ਜਿਸ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ।

ਆਜ਼ਾਦੀ ਦੇ ਅਰਥ ਕਿਸੇ ਵੀ ਮਨੁੱਖ ਦੇ ਸਵੈਮਾਣ ਅਤੇ ਖ਼ੁਦਮੁਖ਼ਤਾਰੀ ਨਾਲ ਜੁੜੇ ਹੁੰਦੇ ਹਨ ਪਰ ਜੇ ਅਸੀਂ ਬਹੁਗਿਣਤੀ ਔਰਤਾਂ ਦੇ ਜੀਵਨ ਵੱਲ ਝਾਤ ਮਾਰੀਏ ਤਾਂ ਆਜ਼ਾਦੀ ਦੇ ਅਸਲ ਮਾਇਨੇ ਕਿਧਰੇ ਗੁਆਚੇ ਨਜ਼ਰ ਆਉਂਦੇ ਹਨ। ਇਹ ਇਸ ਕਹਾਵਤ ਵਾਂਗ ਲੱਗਦੇ ਹਨ: ਹਾਥੀ ਦੇ ਦੰਦ ਖਾਣ ਨੂੰ ਹੋਰ, ਦਿਖਾਉਣ ਨੂੰ ਹੋਰ। ਆਪਣੇ ਜੀਵਨ ਬਾਰੇ ਖ਼ੁਦ ਫ਼ੈਸਲੇ ਕਰਨ ਦੀ ਆਜ਼ਾਦੀ ਜਾਂ ਸਵੈ-ਮਾਣ ਵਰਗੀ ਸ਼ੈਅ ਬਹੁਤੀਆਂ ਔਰਤਾਂ ਤੱਕ ਅਜੇ ਅੱਪੜੀ ਹੀ ਨਹੀਂ। ਕਈ ਸਦੀਆਂ ਬੀਤ ਜਾਣ ਤੋਂ ਬਾਅਦ ਵੀ ਔਰਤ ਦੀ ਹਾਲਤ ਵਿਚ ਕੋਈ ਖ਼ਾਸ ਸੁਧਾਰ ਨਹੀਂ ਆਇਆ ਲੱਗਦਾ। ਇਸ ਵਿਚ ਕੋਈ ਦੋ ਰਾਏ ਨਹੀਂ ਕਿ ਔਰਤ ਨੇ ਆਪਣੀ ਮਿਹਨਤ ਸਦਕਾ ਉੱਚੇ ਮੁਕਾਮ ਪ੍ਰਾਪਤ ਕਰ ਲਏ ਹਨ ਪਰ ਉਸ ਨੂੰ ਮਰਦ ਪ੍ਰਧਾਨ ਸਮਾਜ ਅੱਜ ਵੀ ਗੁਲਾਮ ਸਮਝਦਾ ਹੈ। ਅੱਜ ਦੀ ਔਰਤ ਜਿਹੜੀ ਗੁਲਾਮੀ ਹੰਢਾ ਰਹੀ ਹੈ, ਇਹ ਅਣਦਿਸਦੀ ਗੁਲਾਮੀ ਹੈ।

ਔਰਤਾਂ ਨੂੰ ਬਰਾਬਰ ਸਿੱਖਿਆ ਤੇ ਮਿਹਨਤਾਨੇ, ਵੋਟ ਦਾ ਅਧਿਕਾਰ ਪ੍ਰਾਪਤ ਹਨ ਪਰ ਹਕੀਕਤ ਵਿਚ ਅੱਜ ਵੀ ਔਰਤਾਂ ਇਨ੍ਹਾਂ ਹੱਕਾਂ ਲਈ ਮਰਦਾਂ ਉੱਤੇ ਨਿਰਭਰ ਹਨ। ਔਰਤ ਸਿੱਖਿਅਤ ਤਾਂ ਹੈ ਪਰ ਉਸ ਦੀ ਜ਼ਿੰਦਗੀ ਦੀ ਲਗਾਮ ਮਰਦ ਦੇ ਹੱਥ ਵਿਚ ਹੈ। ਵਿੱਦਿਅਕ ਢਾਂਚਾ ਵੀ ਉਸ ਦੀ ਜ਼ਿੰਦਗੀ ਵਿਚ ਕੋਈ ਹਕੀਕੀ ਸਾਕਾਰਤਮਕ ਤਬਦੀਲੀ ਲਿਆਉਣ ਦੀ ਬਜਾਏ ਮਰਦ ਪ੍ਰਧਾਨ ਸਮਾਜ ਦੇ ਹੱਕ ਵਿਚ ਹੀ ਭੁਗਤ ਜਾਂਦਾ ਹੈ। ਮਜ਼ਦੂਰ ਔਰਤਾਂ, ਮਰਦਾਂ ਬਰਾਬਰ ਮਿਹਨਤ ਕਰਦੀਆਂ ਹਨ ਪਰ ਉਨ੍ਹਾਂ ਨੂੰ ਮਰਦਾਂ ਦੇ ਮੁਕਾਬਲੇ ਘੱਟ ਉਜਰਤ ਮਿਲਦੀ ਹੈ। ਔਰਤ ਨੌਕਰੀਸ਼ੁਦਾ ਤਾਂ ਹੈ ਪਰ ਉਸ ਦੀ ਤਨਖ਼ਾਹ ਤੇ ਏਟੀਐੱਮ ਉੱਤੇ ਹੱਕ ਉਸ ਦੇ ਪਤੀ ਦਾ ਹੈ। ਉਸ ਨੂੰ ਵੋਟ ਪਾਉਣ ਦਾ ਕਾਨੂੰਨੀ ਅਧਿਕਾਰ ਤਾਂ ਮਿਲਿਆ ਹੈ ਪਰ ਉਸ ਨੇ ਵੋਟ ਕਿਸ ਨੂੰ ਪਾਉਣੀ ਹੈ, ਇਹ ਉਸ ਦਾ ਪਤੀ ਜਾਂ ਪਰਿਵਾਰ ਦਾ ਮੁਖੀ ਮਰਦ ਤੈਅ ਕਰਦਾ ਹੈ। ਔਰਤ ਸਰਪੰਚ ਤਾਂ ਬਣਦੀ ਹੈ ਪਰ ਸਰਪੰਚੀ ਉਸ ਦਾ ਪਤੀ ਕਰਦਾ ਹੈ। ਇਉਂ ਹੱਕ ਪ੍ਰਾਪਤ ਹੋਣ ਦੇ ਬਾਵਜੂਦ ਦਬਦਬਾ ਮਰਦ ਪ੍ਰਧਾਨ ਸਮਾਜ ਦਾ ਹੀ ਹੈ। ਜਿਹੜੀ ਗੱਲ ਹੈਰਾਨ ਕਰਨ ਵਾਲੀ ਹੈ, ਉਹ ਇਹ ਕਿ ਔਰਤ ਇਸ ਅਰਧ ਗੁਲਾਮੀ ਤੋਂ ਸੁਚੇਤ ਨਹੀਂ। ਉਸ ਨੂੰ ਇਹ ਗੁਲਾਮੀ ਮਹਿਸੂਸ ਹੀ ਨਹੀਂ ਹੁੰਦੀ।

ਅੱਜ ਵੀ ਔਰਤਾਂ ਘਰ ਦੇ ਕੰਮਾਂ, ਬੱਚੇ ਪਾਲਣ, ਪਰਿਵਾਰਕ ਜ਼ਿੰਮੇਵਾਰੀਆਂ ਚੁੱਕਣ ਨੂੰ ਹੀ ਆਪਣਾ ਅਸਲ ਧਰਮ ਮੰਨਦੀਆਂ ਹਨ। ਉਹ ਆਪਣੇ ਅਸਲ ਹੱਕਾਂ ਤੋਂ ਜਾਣੂੰ ਨਹੀਂ ਜਾਂ ਇਉਂ ਕਹਿਣਾ ਜ਼ਿਆਦਾ ਸਹੀ ਹੈ ਕਿ ਰੂੜ ਸਭਿਆਚਾਰਕ ਮਾਨਤਾਵਾਂ ਦੇ ਬਹਾਨੇ ਉਨ੍ਹਾਂ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਹੋਣ ਦੇ ਮੌਕੇ ਨਹੀਂ ਦਿੱਤੇ ਜਾਂਦੇ। ਹੁਣ ਪ੍ਰਸ਼ਨ ਹੈ ਕਿ ਔਰਤ ਦੀ ਅਜਿਹੀ ਹਾਲਤ ਦਾ ਅਸਲ ਜ਼ਿੰਮੇਵਾਰ ਕੌਣ ਹੈ ? ਕੀ ਸਮਾਜ ਜ਼ਿੰਮੇਵਾਰ ਹੈ ਜਾਂ ਇਸ ਦੀ ਜ਼ਿੰਮੇਵਾਰੀ ਖ਼ੁਦ ਔਰਤ ਉੱਤੇ ਵੀ ਹੈ ?

ਔਰਤ ਦੀ ਇਸ ਗੁਲਾਮੀ ਦਾ ਕਾਰਨ ਮਰਦ ਪ੍ਰਧਾਨ ਸਮਾਜ ਹੈ। ਔਰਤ ਹੋਣਾ ਕੋਈ ਜੁਰਮ ਨਹੀਂ। ਕੁਦਰਤ ਮੁੰਡੇ ਕੁੜੀ ਵਿਚ ਕੋਈ ਭੇਦਭਾਵ ਨਹੀਂ ਕਰਦੀ ਪਰ ਸਮਾਜ ਵਿਚ ਔਰਤਾਂ ਲਈ ਵਿਤਕਰੇ ਵਾਲਾ ਦ੍ਰਿਸ਼ਟੀਕੋਣ ਹੀ ਅਪਨਾਇਆ ਜਾਂਦਾ ਹੈ। ਔਰਤ ਦੇ ਗਰਭਵਤੀ ਹੋਣ ਤੇ ਪੁੱਤਰ ਦੀ ਆਸੀਸ 'ਦੁੱਧੋ ਨਹਾਉ, ਪੁੱਤੋ ਫਲੋ' ਦਿੱਤੀ ਜਾਂਦੀ ਹੈ। ਪੁੱਤਰ ਪ੍ਰਾਪਤੀ ਲਈ ਪਰਿਵਾਰ ਸੌ ਤਰ੍ਹਾਂ ਦੇ ਆਡੰਬਰ ਕਰਦਾ ਹੈ। ਕੁੜੀ ਦੇ ਜਨਮ ਉੱਤੇ ਘਰਾਂ ਵਿਚ ਸੋਗ ਛਾ ਜਾਂਦਾ ਹੈ।

ਕੁੜੀ ਤੇ ਮੁੰਡੇ ਵਿਚਲਾ ਫਰਕ ਜਨਮ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਕੁੜੀ ਨੂੰ ਜਨਮ ਤੋਂ ਹੀ ਔਰਤ ਬਣਨ ਦੀ ਸਿਖਲਾਈ ਦਿੱਤੀ ਜਾਂਦੀ ਹੈ। ਸੁਮੋਨ ਦਾ ਬੂਵੇਅਰ ਦਾ ਕਥਨ ਬਿਲਕੁਲ ਸੱਚ ਹੈ ਕਿ 'ਔਰਤ ਜੰਮਦੀ ਨਹੀਂ, ਉਸ ਨੂੰ ਔਰਤ ਬਣਾਇਆ ਜਾਂਦਾ ਹੈ।' ਮਾਪਿਆਂ ਦੁਆਰਾ ਕੁੜੀ ਉੱਤੇ ਉੱਚੀ ਬੋਲਣ, ਹੱਸਣ, ਅੰਦਰ ਬਾਹਰ ਆਉਣ ਜਾਣ 'ਤੇ ਪਾਬੰਦੀ, ਘਰ ਦੇ ਕੰਮ ਸਿੱਖਣ ਆਦਿ ਬੰਦਿਸ਼ਾਂ ਲਗਾਈਆਂ ਜਾਂਦੀਆਂ ਹਨ। ਉਸ ਨੂੰ ਜਨਮ ਤੋਂ ਹੀ ਬੇਗ਼ਾਨੇ ਘਰ ਜਾਣ ਲਈ ਤਿਆਰ ਕੀਤਾ ਜਾਂਦਾ ਹੈ ਅਤੇ ਦੂਜੇ ਉੱਪਰ ਨਿਰਭਰ ਰਹਿਣ ਦੀ ਆਦਤ ਪਾਈ ਜਾਂਦੀ ਹੈ ਜਿਸ ਕਾਰਨ ਉਸ ਦੇ ਨਾਰੀਤਵ ਦਾ ਘਾਣ ਹੁੰਦਾ ਹੈ। ਕੁੜੀਆਂ ਨੂੰ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਤਾਂ ਦਿੱਤਾ ਜਾਂਦਾ ਹੈ ਪਰ ਨਾਲ ਹੀ ਉਨ੍ਹਾਂ ਨੂੰ ਸਮਝਾਇਆ ਜਾਂਦਾ ਹੈ ਕਿ ਇਹ ਸਭ ਸਹੁਰੇ ਘਰ ਜਾਣ ਲਈ ਹੈ। ਉਸ ਨੂੰ ਸਿਖਾਇਆ ਜਾਂਦਾ ਹੈ ਕਿ ਪਤੀ ਤੇ ਸਹੁਰੇ ਪਰਿਵਾਰ ਦੀ ਸੇਵਾ ਹੀ ਉਸ ਲਈ ਸਭ ਕੁੱਝ ਹੈ। ਕੁੜੀ ਨੂੰ ਆਪਣੇ ਅਸਲ ਅਧਿਕਾਰਾਂ ਤੋਂ ਸੁਚੇਤ ਹੋਣ ਹੀ ਨਹੀਂ ਦਿੱਤਾ ਜਾਂਦਾ। ਮੰਨੂ ਦੇ ਸਮਾਜਿਕ ਕਾਨੂੰਨ ਅਨੁਸਾਰ ਔਰਤ ਬਚਪਨ ਤੋਂ ਬੁਢਾਪੇ ਤੱਕ ਮਰਦ ਉੱਤੇ ਨਿਰਭਰ ਰਹਿੰਦੀ ਹੈ। ਉਹ ਬਚਪਨ ਵਿਚ ਪਿਤਾ, ਭਰਾ, ਜਵਾਨੀ ਵਿਚ ਪਤੀ, ਤੇ ਬੁਢਾਪੇ ਵਿਚ ਪੁੱਤਰਾਂ ਦੇ ਅਧੀਨ ਰਹਿੰਦੀ ਹੈ। ਵਰਤਮਾਨ ਸਮਿਆਂ ਵਿਚ ਵੀ ਔਰਤ ਲਈ ਇਹੀ ਦ੍ਰਿਸ਼ਟੀਕੋਣ ਅਪਣਾਇਆ ਜਾਂਦਾ ਹੈ।ਕਿਸੇ ਵੀ ਤਰ੍ਹਾਂ ਦੇ ਹਾਲਾਤ ਲਈ ਕੋਈ ਇਕ ਧਿਰ ਪੂਰੀ ਤਰ੍ਹਾਂ ਜ਼ਿੰਮੇਵਾਰ ਨਹੀਂ ਹੋ ਸਕਦੀ। ਜਿੱਥੇ ਔਰਤ ਦੀ ਅਜਿਹੀ ਹਾਲਤ ਲਈ ਸਮਾਜ ਜ਼ਿੰਮੇਵਾਰ ਹੈ, ਉੱਥੇ ਖ਼ੁਦ ਔਰਤ ਵੀ ਆਪਣੀ ਅੰਸ਼ਕ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਸਕਦੀ। ਮਾਵਾਂ ਸੁਚੇਤ ਹੋਣ ਦੇ ਬਾਵਜੂਦ ਧੀਆਂ ਨੂੰ ਉਹੀ ਤ੍ਰਾਸਦੀਆਂ ਹੰਢਾਉਣ ਲਈ ਤਿਆਰ ਕਰਦੀਆਂ ਹਨ ਜਿਹੜੀਆਂ ਉਨ੍ਹਾਂ ਆਪ ਹੰਢਾਈਆਂ ਹੁੰਦੀਆਂ ਹਨ। ਅੱਜ ਦੀ ਔਰਤ ਸਿੱਖਿਅਤ ਅਤੇ ਆਰਥਿਕ ਤੌਰ 'ਤੇ ਆਤਮ ਨਿਰਭਰ ਤਾਂ ਹੈ ਪਰ ਇਸ ਦੇ ਬਾਵਜੂਦ ਉਸ ਦੇ ਜੀਵਨ ਵਿਚ ਕੋਈ ਬਹੁਤਾ ਬਦਲਾਓ ਨਹੀਂ ਆਇਆ। ਉਹ ਅੱਜ ਵੀ ਘਰ ਸੰਭਾਲਣ, ਬੱਚੇ ਪਾਲਣ ਤੇ ਪਰਿਵਾਰਕ ਫ਼ੈਸਲਿਆਂ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਨੂੰ ਹੀ ਆਪਣਾ ਅਸਲੀ ਧਰਮ ਸਮਝਦੀ ਹੈ। ਇਸ ਤੋਂ ਬਿਨਾ ਉਸ ਨੂੰ ਆਪਣੀ ਜ਼ਿੰਦਗੀ ਦੇ ਕੋਈ ਮਾਇਨੇ ਨਹੀਂ ਲੱਗਦੇ। ਉਹ ਸਰੀਰਕ ਤੇ ਮਾਨਸਿਕ ਦੋਵਾਂ ਪੱਧਰਾਂ 'ਤੇ ਤ੍ਰਾਸਦੀ ਹੰਢਾਉਂਦੀ ਹੈ।

ਔਰਤ ਨੂੰ ਆਜ਼ਾਦੀ ਤੇ ਆਪਣੇ ਹੋਰ ਮਨੁੱਖੀ ਹੱਕ ਪ੍ਰਾਪਤ ਕਰਨ ਲਈ ਸਭ ਤੋਂ ਪਹਿਲਾਂ ਜਾਗਰੂਕ ਹੋਣ ਦੀ ਜ਼ਰੂਰਤ ਹੈ। ਅਜਿਹਾ ਨਹੀਂ ਕਿ ਔਰਤਾਂ ਵਿਚ ਚੇਤਨਾ ਦੀ ਕਮੀ ਹੈ, ਕੁਝ ਇਸਤਰੀਆਂ ਆਪਣੇ ਹੱਕਾਂ ਲਈ ਚੇਤਨ ਹਨ ਤੇ ਨਿਡਰਤਾ ਨਾਲ ਇਨ੍ਹਾਂ ਦੀ ਪ੍ਰਾਪਤੀ ਲਈ ਸਮਾਜ ਨਾਲ ਦੋ ਹੱਥ ਵੀ ਹੋ ਰਹੀਆਂ ਹਨ। ਪੰਜਾਬੀ ਯੂਨੀਵਰਸਿਟੀ ਤੇ ਹੋਰ ਯੂਨੀਵਰਸਿਟੀਆਂ ਵਿਚ ਚੱਲੀ 'ਹੋਸਟਲ ਦੀ ਸਮਾਂਬੰਦੀ ਵਿਚ ਬਰਾਬਰੀ ਦੀ ਮੰਗ' ਇਸ ਦਾ ਸਬੂਤ ਹੈ। ਇਸ ਲਹਿਰ ਅਧੀਨ ਕੁੜੀਆਂ ਨੇ ਆਪਣੇ ਉੱਤੇ ਲੱਗੀ ਸਮੇਂ ਦੀ ਪਾਬੰਦੀ ਹਟਾਉਣ ਲਈ ਯੂਨੀਵਰਸਿਟੀ ਪ੍ਰਸ਼ਾਸਨ ਖ਼ਿਲਾਫ਼ ਸੰਘਰਸ਼ ਕੀਤਾ ਤੇ ਸਫ਼ਲਤਾ ਹਾਸਿਲ ਕੀਤੀ। ਕੋਈ ਵੀ ਜੰਗ ਉਦੋਂ ਹੀ ਲੜੀ ਜਾਂਦੀ ਹੈ, ਜਦੋਂ ਕੁਝ ਫਤਹਿ ਕਰਨ ਦੀ ਤਾਂਘ ਤੇ ਮੈਦਾਨ ਵਿਚ ਉਤਰਨ ਦੀ ਹਿੰਮਤ ਹੋਵੇ ਪਰ ਇਸ ਤੋਂ ਵੀ ਪਹਿਲਾਂ ਇਸ ਲਈ ਸੁਚੇਤ ਹੋਣ ਦੀ ਜ਼ਰੂਰਤ ਹੈ ਕਿ ਜੰਗ ਕਿਸ ਲਈ, ਕਿਉਂ ਤੇ ਕਿਵੇਂ ਲੜਨੀ ਹੈ ? ਔਰਤਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਲਈ ਉਨ੍ਹਾਂ ਔਰਤਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਜੋ ਖ਼ੁਦ ਇਨ੍ਹਾਂ ਪ੍ਰਤੀ ਸੁਚੇਤ ਹਨ। ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਖ਼ੁਦ ਤੱਕ ਸੀਮਿਤ ਨਾ ਹੋ ਕੇ ਆਜ਼ਾਦੀ ਦਾ ਹੋਕਾ ਹਰ ਔਰਤ ਤੱਕ ਪਹੁੰਚਾਉਣ।

ਸਮਾਜ ਨੂੰ ਚੰਗਾ ਬਣਾਉਣ ਲਈ ਔਰਤ ਪ੍ਰਤੀ ਵਿਤਕਰੇ ਵਾਲਾ ਦ੍ਰਿਸ਼ਟੀਕੋਣ ਬਦਲਣ ਦੀ ਜ਼ਰੂਰਤ ਹੈ ਕਿਉਂਕਿ ਕਿਸੇ ਮੁਲਕ ਦੇ ਉੱਨਤੀ ਬਾਰੇ ਜਾਨਣ ਲਈ ਉੱਥੋਂ ਦੀ ਔਰਤ ਦੀ ਹਾਲਤ ਨੂੰ ਜਾਣਿਆ ਜਾਂਦਾ ਹੈ। ਚੰਗਾ ਸਮਾਜ ਸਿਰਜਣ ਦੀ ਵੱਡੀ ਜ਼ਿੰਮੇਵਾਰੀ ਮਾਪਿਆਂ ਤੋਂ ਸ਼ੁਰੂ ਹੁੰਦੀ ਹੈ। ਉਨ੍ਹਾਂ ਦਾ ਫਰਜ਼ ਹੈ ਕਿ ਉਹ ਲਿੰਗਕ ਵਿਤਕਰੇ ਤੋਂ ਉੱਪਰ ਉੱਠ ਕੇ ਬੱਚੇ ਨੂੰ ਬਰਾਬਰੀ ਦਾ ਪਾਠ ਪੜ੍ਹਾਉਣ। ਉਹ ਕੁੜੀ ਉੱਤੇ ਬੰਦਿਸ਼ਾਂ ਲਗਾਉਣ ਦੀ ਬਜਾਏ ਉਸ ਨੂੰ ਸਹੀ ਗਲਤ ਦੀ ਪਛਾਣ ਦੀ ਸਮਝ ਪੈਦਾ ਕਰਨ। ਉਸ ਨੂੰ ਆਜ਼ਾਦੀ ਦੇ ਅਸਲ ਮਾਇਨੇ ਸਮਝਾਉਣ। ਉਸ ਨੂੰ ਇਸ ਕਾਬਿਲ ਬਣਾਇਆ ਜਾਵੇ ਕਿ ਉਹ ਆਪਣੀ ਜ਼ਿੰਦਗੀ ਦੇ ਅਹਿਮ ਫ਼ੈਸਲੇ ਕਰਨ ਦੇ ਯੋਗ ਹੋਣ। ਔਰਤ ਤੇ ਮਰਦ ਦੇ ਸਾਥ ਨਾਲ ਹੀ ਚੇਤਨ ਤੇ ਸਿਹਤਮੰਦ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ।



**ਘਰ ਵਿਚ ਬਹੁਤ ਸਾਰੇ ਕੰਮ ਹੁੰਦੇ ਹਨ ਜੋ ਜਾਂ ਤਾਂ ਇਕੱਲੀ ਮਾਂ ਹੀ ਕਰਦੀ ਹੈ ਜਾਂ ਕਦੇ-ਕਦੇ ਪਿਤਾ ਹੱਥ ਵਟਾਉਂਦਾ ਹੈ। ਘਰ ਦੇ ਕੰਮਾਂ ਵਿਚ ਸਭ ਦੀ ਸ਼ਮੂਲੀਅਤ ਜ਼ਰੂਰੀ ਹੈ, ਭਾਵੇਂ ਉਹ ਮੁੰਡਾ ਹੈ ਜਾਂ ਕੁੜੀ।**

# ਬੱਚਿਆਂ ਨੂੰ ਪਾਈਏ ਕੰਮ ਦੀ ਆਦਤ



**ਘਰ ਦੀਆਂ ਰੋਜ਼ਾਨਾ ਲੋੜਾਂ ਮੁਤਾਬਿਕ ਹੀ ਕੰਮ ਹੁੰਦੇ ਹਨ। ਆਪਣੇ ਬੂਟ ਸਾਫ/ਪਾਲਿਸ਼ ਕਰਨੇ, ਸਕੂਲ ਬੈਗ ਦੀਆਂ ਕਿਤਾਬਾਂ-ਕਾਪੀਆਂ ਨੂੰ ਕੱਢ ਕੇ, ਝਾੜ ਕੇ ਦੁਬਾਰਾ ਰੱਖਣਾ, ਕਾਪੀਆਂ-ਕਿਤਾਬਾਂ ਤੋਂ ਫਟੇ ਹੋਏ ਕਵਰ ਉਤਾਰ ਕੇ ਨਵੇਂ ਚੜ੍ਹਾਉਣੇ, ਜੁਮੈਟਰੀ ਬਾਕਸ ਵਿਚਲਾ ਸਾਮਾਨ ਸਾਫ਼ ਕਰਕੇ ਰੱਖਣਾ, ਕਿਤਾਬਾਂ/ਕੱਪੜਿਆਂ ਵਾਲੀ ਅਲਮਾਰੀ ਸਾਫ਼ ਕਰਨੀ ਅਤੇ ਸਲੀਕੇ ਨਾਲ ਸਾਮਾਨ ਰੱਖਣਾ, ਜੁੱਤੀਆਂ ਨੂੰ ਥਾਂ ਸਿਰ/ਸ਼ੂਜ਼ ਰੈਕ ਵਿਚ ਰੱਖਣਾ ਆਦਿ ਕਿੰਨੇ ਹੀ ਨਿੱਕੇ-ਨਿੱਕੇ ਕੰਮ ਹਨ, ਜੋ ਮਾਪੇ ਆਪਣੇ ਬੱਚਿਆਂ ਨੂੰ ਆਪਣੀ ਦੇਖ-ਰੇਖ ਹੇਠ ਸਿਖਾ ਸਕਦੇ ਹਨ।**

ਸਕੂਲ ਪੜ੍ਹਨ ਵਾਲੇ ਬੱਚਿਆਂ ਨੂੰ ਘਰ ਦੇ ਕੰਮਾਂ ਪ੍ਰਤੀ ਜ਼ਰੂਰੀ ਤੇ ਢੁਕਵੀਂ ਅਗਵਾਈ ਦੇਣੀ ਚਾਹੀਦੀ ਹੈ। ਬੱਚਿਆਂ ਨੂੰ ਦੱਸੋ ਕਿ ਘਰ ਦੀਆਂ ਚੀਜ਼ਾਂ ਦੀ ਸਾਫ਼-ਸਫ਼ਾਈ ਕਿਵੇਂ ਕੀਤੀ ਜਾਂਦੀ ਹੈ। ਕੁਰਸੀਆਂ, ਮੇਜ਼, ਦਰਵਾਜ਼ੇ ਬੈੱਡ ਆਦਿ ਨੂੰ ਸਾਫ਼ ਕਰਨਾ ਕੋਈ ਮੁਸ਼ਕਿਲ ਨਹੀਂ ਪਰ ਬੱਚਿਆਂ ਨੂੰ ਇਹ ਆਦਤ ਪਾਉਣੀ ਚਾਹੀਦੀ ਹੈ ਕਿ ਉਹ ਰੋਜ਼ ਨਹੀਂ ਤਾਂ ਘੱਟੋ-ਘੱਟ ਐਤਵਾਰ (ਛੁੱਟੀ ਵਾਲੇ ਦਿਨ) ਇਨ੍ਹਾਂ ਚੀਜ਼ਾਂ ਦੀ ਸਫ਼ਾਈ ਜ਼ਰੂਰ ਕਰਨ। ਉਹ ਆਪਣਾ ਮੰਜਾ-ਬਿਸਤਰਾ ਆਪ ਵਿਛਾਉਣ ਅਤੇ ਸਵੇਰੇ ਉੱਠਣ 'ਤੇ ਉਹਨੂੰ ਆਪ ਹੀ ਇਕੱਠਾ ਕਰਨ, ਠੀਕ ਕਰੇ। ਚਾਦਰਾਂ ਨੂੰ ਸਲੀਕੇ ਨਾਲ ਵਿਛਾਉਣ ਜਾਂ ਉਨ੍ਹਾਂ ਨੂੰ ਤਹਿ ਕਰਕੇ ਠੀਕ ਥਾਂ 'ਤੇ ਰੱਖਣ। ਧੋਤੇ ਹੋਏ ਅਤੇ ਗੰਦੇ ਕੱਪੜਿਆਂ ਨੂੰ ਵੱਖ-ਵੱਖ ਥਾਵਾਂ 'ਤੇ ਰੱਖਣ। ਧੋਤੇ ਹੋਏ ਕੱਪੜਿਆਂ ਦੀ ਤਹਿ ਕਰਨ ਅਤੇ ਠੀਕ ਥਾਂ 'ਤੇ ਰੱਖਣ ਵਿਚ ਮਾਪਿਆਂ ਦੀ ਮਦਦ ਕਰਨ।

ਘਰ ਵਿਚ ਬਹੁਤ ਸਾਰੇ ਕੰਮ ਹੁੰਦੇ ਹਨ ਜੋ ਜਾਂ ਤਾਂ ਇਕੱਲੀ ਮਾਂ ਹੀ ਕਰਦੀ ਹੈ ਜਾਂ ਕਦੇ-ਕਦੇ ਪਿਤਾ ਹੱਥ ਵਟਾਉਂਦਾ ਹੈ। ਘਰ ਦੇ ਕੰਮਾਂ ਵਿਚ ਸਭ ਦੀ ਸ਼ਮੂਲੀਅਤ ਜ਼ਰੂਰੀ ਹੈ, ਭਾਵੇਂ ਉਹ ਮੁੰਡਾ ਹੈ ਜਾਂ ਕੁੜੀ। ਕਈ ਮਾਪੇ ਸਿਰਫ ਕੁੜੀਆਂ ਨੂੰ ਹੀ ਕੰਮ ਸਿਖਾਉਂਦੇ ਹਨ, ਮੁੰਡਿਆਂ ਨੂੰ ਨਹੀਂ। ਹਾਲਾਂਕਿ ਆਧੁਨਿਕ ਸਮੇਂ ਵਿਚ ਮੁੰਡਾ-ਕੁੜੀ ਹਰੇਕ ਲਈ ਕੰਮ ਸਿੱਖਣਾ ਜ਼ਰੂਰੀ ਹੈ। ਕਈ ਥਾਈਂ ਮਾਪਿਆਂ ਵਿਚ ਦੋਵੇਂ ਜਾਂ ਕੋਈ ਇਕ ਨੌਕਰੀ ਕਰਦਾ ਹੈ ਪਰ ਘਰ ਦੇ ਕੰਮ ਦਾ ਬੋਝ ਮਾਂ ਉੱਤੇ ਹੀ ਪੈਂਦਾ ਹੈ। ਮਾਂ ਅਤੇ ਪਿਤਾ ਦੋਵਾਂ ਨੂੰ ਰਲ-ਮਿਲ ਕੇ ਹੀ ਕੰਮ ਕਰਨਾ ਚਾਹੀਦਾ ਹੈ ਤੇ ਨਾਲੋ-ਨਾਲ ਬੱਚਿਆਂ ਨੂੰ ਵੀ ਸ਼ਾਮਿਲ ਕਰਨਾ ਚਾਹੀਦਾ ਹੈ। ਇਸ ਨਾਲ ਕੰਮ ਤਾਂ ਛੇਤੀ ਹੋਵੇਗਾ ਹੀ, ਬੱਚਿਆਂ ਵਿਚ ਇਸ ਪ੍ਰਤੀ ਸ਼ੌਕ ਅਤੇ ਲਗਨ ਵੀ ਪੈਦਾ ਹੋਵੇਗੀ।

ਕਈ ਘਰਾਂ ਵਿਚ ਇਹ ਵੀ ਮੰਨਿਆ ਜਾਂਦਾ ਹੈ ਕਿ ਫਲਾਨਾ ਕੰਮ ਕੁੜੀਆਂ ਦੇ ਕਰਨ ਵਾਲਾ ਹੈ ਅਤੇ ਫਲਾਨਾ ਮੁੰਡਿਆਂ ਦੇ। ਜਿਥੇ ਅੱਜ ਕੁੜੀਆਂ ਸਕੂਟਰ, ਮੋਟਰਸਾਈਕਲ, ਕਾਰਾਂ ਚਲਾਉਂਦੀਆਂ ਹਨ, ਤਾਂ ਕੀ ਮੁੰਡਿਆਂ ਨੂੰ ਰਸੋਈ ਦੇ ਕੰਮ ਨਹੀਂ ਸਿੱਖਣੇ ਚਾਹੀਦੇ? ਕਿਉਂਕਿ ਬਿਨਾਂ ਹੱਥ-ਪੈਰ ਹਿਲਾਇਆਂ ਬਹੁਤ ਸਾਰੀਆਂ ਸਰੀਰਕ ਤੇ ਮਾਨਸਿਕ ਬਿਮਾਰੀਆਂ ਚਿੰਬੜ ਜਾਂਦੀਆਂ ਹਨ, ਜੋ ਅਸੀਂ ਆਪ ਸਹੇੜੀਆਂ ਹੁੰਦੀਆਂ ਹਨ। ਜੇ ਮਾਪਿਆਂ ਨੇ ਆਪਣੇ ਬੱਚਿਆਂ ਨੂੰ ਰਸੋਈ ਦੇ ਸਾਫ਼-ਸੁਫ਼ਾਈ, ਭਾਂਡੇ ਧੋਣ-ਮਾਂਜਣ ਜਾਂ ਨਿੱਕੇ-ਮੋਟੇ ਕੱਪੜੇ ਧੋਣ ਦੇ ਕੰਮਾਂ ਵਿਚ ਨਹੀਂ ਲਾਇਆ ਤਾਂ ਉਨ੍ਹਾਂ ਨੂੰ ਅਜਿਹੇ ਕੰਮ ਕਰਨ ਦੀ ਜਾਚ ਦੱਸਣੀ ਚਾਹੀਦੀ ਹੈ, ਜਿਸ ਨਾਲ ਬੱਚਾ ਅੱਕੇ ਵੀ ਨਾ ਅਤੇ ਉਹ ਕੰਮ ਕਰਨਾ ਵੀ ਸਿੱਖ ਜਾਵੇ।

ਇਨ੍ਹਾਂ ਕੰਮਾਂ ਦੀ ਕੋਈ ਗਿਣਤੀ ਨਹੀਂ ਹੈ ਕਿ ਇਹ ਕਿੰਨੇ ਅਤੇ ਕਿਹੋ ਜਿਹੇ ਹੋਣੇ ਚਾਹੀਦੇ ਹਨ। ਘਰ ਦੀਆਂ ਰੋਜ਼ਾਨਾ ਲੋੜਾਂ ਮੁਤਾਬਿਕ ਹੀ ਕੰਮ ਹੁੰਦੇ ਹਨ। ਆਪਣੇ ਬੂਟ ਸਾਫ/ਪਾਲਿਸ਼ ਕਰਨੇ, ਸਕੂਲ ਬੈਗ ਦੀਆਂ ਕਿਤਾਬਾਂ-ਕਾਪੀਆਂ ਨੂੰ ਕੱਢ ਕੇ, ਝਾੜ ਕੇ ਦੁਬਾਰਾ ਰੱਖਣਾ, ਕਾਪੀਆਂ-ਕਿਤਾਬਾਂ ਤੋਂ ਫਟੇ ਹੋਏ ਕਵਰ ਉਤਾਰ ਕੇ ਨਵੇਂ ਚੜ੍ਹਾਉਣੇ, ਜੁਮੈਟਰੀ ਬਾਕਸ ਵਿਚਲਾ ਸਾਮਾਨ ਸਾਫ਼ ਕਰਕੇ ਰੱਖਣਾ, ਕਿਤਾਬਾਂ/ਕੱਪੜਿਆਂ ਵਾਲੀ ਅਲਮਾਰੀ ਸਾਫ਼ ਕਰਨੀ ਅਤੇ ਸਲੀਕੇ ਨਾਲ ਸਾਮਾਨ ਰੱਖਣਾ, ਜੁੱਤੀਆਂ ਨੂੰ ਥਾਂ ਸਿਰ/ਸ਼ੂਜ਼ ਰੈਕ ਵਿਚ ਰੱਖਣਾ ਆਦਿ ਕਿੰਨੇ ਹੀ ਨਿੱਕੇ-ਨਿੱਕੇ ਕੰਮ ਹਨ, ਜੋ ਮਾਪੇ ਆਪਣੇ ਬੱਚਿਆਂ ਨੂੰ ਆਪਣੀ ਦੇਖ-ਰੇਖ ਹੇਠ ਸਿਖਾ ਸਕਦੇ ਹਨ।

ਜੇ ਬੱਚੇ ਨੂੰ ਘਰੇ ਇਕੱਲਿਆਂ ਛੱਡਣਾ ਪੈ ਰਿਹਾ ਹੈ ਤਾਂ ਉਹਨੂੰ ਦੱਸੋ ਕਿ ਘਰ ਨੂੰ ਅੰਦਰੋਂ ਕਿਵੇਂ ਬੰਦ ਕਰਨਾ ਹੈ, ਕਿਵੇਂ ਦਰਵਾਜ਼ਾ ਖੋਲ੍ਹਣਾ ਹੈ। ਤਾਲਾ ਕਿਵੇਂ ਲਾਉਣਾ ਹੈ, ਕਿਵੇਂ ਖੋਲ੍ਹਣਾ ਹੈ। ਗੈਸ ਸਟੋਵ ਜਗਾਉਣਾ ਤੇ ਬੰਦ ਕਰਨਾ, ਪੁਰਾਣੇ ਕਾਗਜ਼ਾਂ ਤੋਂ ਮਨੋਰੰਜਨ ਲਈ ਲਿਫਾਫੇ ਬਣਾਉਣੇ, ਪੁਰਾਣੀਆਂ ਚੀਜ਼ਾਂ ਤੋਂ ਕਲਾਤਮਕ ਚੀਜ਼ਾਂ ਬਣਾਉਣੀਆਂ ਆਦਿ ਅਜਿਹੇ ਕੰਮ ਹਨ, ਜਿਹੜੇ ਅੱਗੇ ਚੱਲ ਕੇ ਬੱਚਿਆਂ ਨੂੰ ਕੌਮੀ ਸੇਵਾ ਯੋਜਨਾ (ਐਨ.ਐਸ.ਐਸ.) ਵਿਚ ਸਹਾਈ ਹੁੰਦੇ ਹਨ।



# ਅਣਗਹਿਲੀ ਦੀ ਸਜ਼ਾ

**ਇਸ ਦੌਰਾਨ ਉਸ ਦੀ ਮੰਮੀ ਉਸ ਕੋਲ ਆਈ ਤੇ ਉਸ ਨੂੰ ਗਲਵਕੜੀ 'ਚ ਲੈਂਦਿਆਂ ਬੋਲੀ, 'ਪੁੱਤਰ ਤੇਰੀ ਜਾਨ ਮਸਾਂ ਬਚੀ ਐ। ਅੱਗੇ ਤੋਂ ਚੇਤਾ ਰੱਖੀਂ ਕਿ ਬਿਨਾਂ ਡਾਕਟਰ ਦੀ ਸਲਾਹ ਦੇ ਕੋਈ ਵੀ ਦਵਾਈ ਨਹੀਂ ਖਾਣੀ ਤੇ ਡਾਕਟਰ ਦੀ ਸਲਾਹ 'ਤੇ ਜਿਹੜੀ ਦਵਾਈ ਖਾਣੀ ਵੀ ਹੈ, ਉਸ ਦੀ ਮਿਆਦ ਪੁੱਗਣ ਦੀ ਤਰੀਕ ਪੜ੍ਹ ਕੇ ਹੀ ਖਾਣੀ ਹੈ।**

ਗੁਰਪਿੰਦਰ ਸੱਤਵੀਂ ਜਮਾਤ 'ਚ ਪੜ੍ਹਦਾ ਸੀ। ਪੜ੍ਹਨ 'ਚ ਉਹ ਕਾਫ਼ੀ ਹੁਸ਼ਿਆਰ ਸੀ ਤੇ ਪ੍ਰੀਖਿਆ 'ਚੋਂ ਹਮੇਸ਼ਾ ਚੰਗੇ ਅੰਕ ਲੈ ਕੇ ਇਨਾਮ ਹਾਸਿਲ ਕਰਦਾ ਸੀ। ਖੇਡਾਂ, ਭਾਸ਼ਣ ਕਲਾ ਤੇ ਨਾਚ ਕਲਾ 'ਚ ਵੀ ਉਹ ਅੱਵਲ ਆਉਂਦਾ ਸੀ। ਉਸ 'ਚ ਹੋਰ ਵੀ ਕਈ ਗੁਣ ਸਨ ਪਰ ਉਸ ਅੰਦਰ ਇਕ ਵੱਡਾ ਔਗੁਣ ਵੀ ਸੀ। ਉਹ ਸੀ ਆਪਣੇ ਹੁਸ਼ਿਆਰ ਹੋਣ ਦਾ ਹੰਕਾਰ। ਉਹ ਜਮਾਤ ਦੇ ਬਾਕੀ ਸਭ ਬੱਚਿਆਂ ਨੂੰ ਅਕਲ ਪੱਖੋਂ ਨੀਵਾਂ ਸਮਝਦਾ ਸੀ।

ਇਕ ਦਿਨ ਗੁਰਪਿੰਦਰ ਖੇਡ ਦੇ ਮੈਦਾਨ 'ਚ ਦੋਸਤਾਂ ਨਾਲ ਫੁੱਟਬਾਲ ਖੇਡ ਰਿਹਾ ਸੀ ਕਿ ਅਚਾਨਕ ਉਸ ਦੇ ਪੇਟ 'ਚ ਦਰਦ ਹੋਣੀ ਸ਼ੁਰੂ ਹੋ ਗਈ। ਪਹਿਲਾਂ ਤਾਂ ਉਹ ਦਰਦ ਬਰਦਾਸ਼ਤ ਕਰ ਕੇ ਖੇਡਦਾ ਰਿਹਾ ਪਰ ਜਦੋਂ ਦਰਦ ਹੋਰ ਵਧ ਗਈ ਤਾਂ ਉਹ ਘਰ ਪਰਤ ਆਇਆ। ਉਸ ਦੇ ਮੰਮੀ-ਪਾਪਾ ਘਰ ਨਹੀਂ ਸਨ। ਸ਼ਾਇਦ ਉਹ ਮਾਰਕੀਟ ਗਏ ਸਨ। ਗੁਰਪਿੰਦਰ ਨੇ ਅਲਮਾਰੀ 'ਚ ਪਈਆਂ ਦਵਾਈਆਂ 'ਚੋਂ ਦੋ ਗੋਲੀਆਂ ਕੱਢੀਆਂ ਤੇ ਪਾਣੀ ਨਾਲ ਨਿਗਲ ਲਈਆਂ, ਜਿਹੜੀਆਂ ਪੇਟ ਦਰਦ ਹੋਣ 'ਤੇ ਉਸ ਦੇ ਪਾਪਾ ਖਾਂਦੇ ਸਨ। ਦਵਾਈ ਖਾਧਿਆਂ ਅਜੇ ਦਸ ਕੁ ਮਿੰਟ ਹੀ ਬੀਤੇ ਸਨ ਕਿ ਉਸ ਨੂੰ ਘਬਰਾਹਟ ਮਹਿਸੂਸ ਹੋਣੀ ਸ਼ੁਰੂ ਹੋ ਗਈ ਤੇ ਸਾਰੇ ਸਰੀਰ 'ਤੇ ਧੱਫੜ ਪੈਣੇ ਸ਼ੁਰੂ ਹੋ ਗਏ। ਉਸ ਨੇ ਬੜੀ ਹਿੰਮਤ ਨਾਲ ਆਪਣੇ ਪਾਪਾ ਨੂੰ ਫੋਨ ਮਿਲਾਇਆ ਤੇ ਆਪਣੀ ਹਾਲਤ ਬਾਰੇ ਦੱਸਿਆ। ਅਜੇ ਉਹ ਪੂਰੀ ਗੱਲ ਦੱਸ ਹੀ ਰਿਹਾ ਸੀ ਕਿ ਉਸ ਨੂੰ ਚੱਕਰ ਆਇਆ ਤੇ ਉਹ ਬੇਹੋਸ਼ ਹੋ ਕੇ ਡਿੱਗ ਪਿਆ।

ਕੁਝ ਘੰਟਿਆਂ ਪਿੱਛੋਂ ਜਦ ਉਸ ਨੂੰ ਹੋਸ਼ ਆਈ ਤਾਂ ਉਸ ਨੇ ਵੇਖਿਆ ਕਿ ਉਹ ਹਸਪਤਾਲ ਦੇ ਬੈੱਡ 'ਤੇ ਪਿਆ ਸੀ ਤੇ ਉਸ ਦੇ ਮੰਮੀ-ਪਾਪਾ ਕੋਲ ਖੜ੍ਹੇ ਸਨ। ਉਸ ਦੀ ਮੰਮੀ ਦੀਆਂ ਅੱਖਾਂ 'ਚ ਹੰਝੂ ਸਨ ਤੇ ਪਾਪਾ ਵੀ ਗੁੰਮਸੁਮ ਸਨ। ਡਾਕਟਰ ਨੇ ਉਸ ਨੂੰ ਚੰਗੀ ਤਰ੍ਹਾਂ ਚੈੱਕ ਕੀਤਾ ਤੇ ਦੱਸਿਆ ਕਿ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ। ਉਸ ਦੇ ਮੰਮੀ-ਪਾਪਾ ਨੇ ਖ਼ੁਸ਼ੀ ਨਾਲ ਉਸ ਦਾ ਮੱਥਾ ਚੁੰਮਿਆ ਤੇ ਪਰਮਾਤਮਾ ਦਾ ਸ਼ੁਕਰਾਨ ਕੀਤਾ। ਅਗਲੇ ਦੋ ਦਿਨ ਤਕ ਉਹ ਹਸਪਤਾਲ ਵਿਚ ਰਿਹਾ ਤੇ ਫਿਰ ਡਾਕਟਰ ਨੇ ਉਸ ਨੂੰ ਛੁੱਟੀ ਦੇ ਕੇ ਘਰ ਭੇਜ ਦਿੱਤਾ।

ਘਰ ਆ ਕੇ ਗੁਰਪਿੰਦਰ ਨੇ ਆਪਣੇ ਪਾਪਾ ਤੋਂ ਪੁੱਛਿਆ ਕਿ ਉਸ ਨੂੰ ਹੋਇਆ ਕੀ ਸੀ, ਤਾਂ ਉਨ੍ਹਾਂ ਬੜੇ ਪਿਆਰ ਨਾਲ ਉਸ ਨੂੰ ਆਪਣੇ ਕੋਲ ਬਿਠਾਇਆ ਤੇ ਕਿਹਾ, 'ਬੇਟਾ ਤੂੰ ਜਲਦਬਾਜ਼ੀ 'ਚ ਪੇਟ ਦਰਦ ਦੀ ਜਿਹੜੀ ਦਵਾਈ ਖਾਧੀ ਸੀ, ਉਸ ਦੀ ਮਿਆਦ ਪੁੱਗ ਚੁੱਕੀ ਸੀ ਤੇ ਉਹ ਖਾਣਯੋਗ ਨਹੀਂ ਸੀ। ਉਸ ਖ਼ਰਾਬ ਦਵਾਈ ਕਰਕੇ ਤੈਨੂੰ ਰਿਐਕਸ਼ਨ ਹੋ ਗਿਆ ਸੀ ਤੇ ਡਾਕਟਰ ਨੇ ਬੜੇ ਯਤਨਾਂ ਨਾਲ ਤੇਰੀ ਜਾਨ ਬਚਾਈ ਹੈ।'

ਇਸ ਦੌਰਾਨ ਉਸ ਦੀ ਮੰਮੀ ਉਸ ਕੋਲ ਆਈ ਤੇ ਉਸ ਨੂੰ ਗਲਵਕੜੀ 'ਚ ਲੈਂਦਿਆਂ ਬੋਲੀ, 'ਪੁੱਤਰ ਤੇਰੀ ਜਾਨ ਮਸਾਂ ਬਚੀ ਐ। ਅੱਗੇ ਤੋਂ ਚੇਤਾ ਰੱਖੀਂ ਕਿ ਬਿਨਾਂ ਡਾਕਟਰ ਦੀ ਸਲਾਹ ਦੇ ਕੋਈ ਵੀ ਦਵਾਈ ਨਹੀਂ ਖਾਣੀ ਤੇ ਡਾਕਟਰ ਦੀ ਸਲਾਹ 'ਤੇ ਜਿਹੜੀ ਦਵਾਈ ਖਾਣੀ ਵੀ ਹੈ, ਉਸ ਦੀ ਮਿਆਦ ਪੁੱਗਣ ਦੀ ਤਰੀਕ ਪੜ੍ਹ ਕੇ ਹੀ ਖਾਣੀ ਹੈ।ਗੁਰਪਿੰਦਰ ਨੂੰ ਹੁਣ ਸਾਰੀ ਗੱਲ ਸਮਝ ਆ ਗਈ ਸੀ। ਉਸ ਨੇ ਤੁਰੰਤ ਆਪਣੇ ਮੰਮੀ-ਪਾਪਾ ਨਾਲ ਵਾਅਦਾ ਕੀਤਾ ਕਿ ਉਹ ਅੱਗੇ ਤੋਂ ਕੋਈ ਵੀ ਦਵਾਈ ਆਪਣੀ ਮਰਜ਼ੀ ਨਾਲ ਨਹੀਂ ਖਾਵੇਗਾ ਤੇ ਹਰੇਕ ਦਵਾਈ ਦੀ ਮਿਆਦ ਪੁੱਗਣ ਦੀ ਤਰੀਕ ਵੇਖ ਕੇ ਹੀ ਦਵਾਈ ਖਾਏਗਾ। ਉਸ ਦੇ ਮੰਮੀ-ਪਾਪਾ ਨੇ ਇਸ ਵਾਅਦੇ ਲਈ ਉਸ ਨੂੰ ਸ਼ਾਬਾਸ਼ ਦਿੱਤੀ ਤੇ ਘੁੱਟ ਕੇ ਗਲ ਨਾਲ ਲਾ ਲਿਆ।

**- ਪਰਮਜੀਤ ਸਿੰਘ ਘੁੰਮਣ**

# ਬੱਚਿਆਂ ਨੂੰ ਸਿਖਾਓ ਮਾਫੀ ਮੰਗਣੀ



**ਮਾਫ਼ੀ ਮੰਗਣ ਨਾਲ ਵਿਅਕਤੀ ਅੰਦਰ ਨੈਤਿਕ ਮੁੱਲਾਂ ਦਾ ਵਿਕਾਸ ਸੰਭਵ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ ਜਿਵੇਂ ਪਿਆਰ ਦਾ ਇਜ਼ਹਾਰ ਕਰਨ ਲਈ ਕੁਝ ਖ਼ਾਸ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਤਰ੍ਹਾਂ ਹੀ ਇਹ ਸ਼ਬਦ 'ਮਾਫ਼ੀ' ਵੀ ਮਨੁੱਖੀ ਭਾਵਾਂ ਦੇ ਪ੍ਰਗਟਾਅ ਨੂੰ ਵੱਖਰੇ ਢੰਗ ਨਾਲ ਬਿਆਨ ਕਰਦਾ ਹੈ।**

➤ ਡਾ. ਮਨੀਸ਼ਾ ਬੱਤਰਾ

ਕਈ ਵਾਰੀ ਕੁਝ ਸ਼ਬਦ ਬਹੁਤ ਲੰਮੇ ਸਮੇਂ ਤੋਂ ਮਨ ਵਿਚ ਰਹਿ ਆਪਣੇ ਅਰਥਾਂ ਦੀ ਭਾਲ ਵਿਚ ਯਾਤਰਾ-ਦਰ-ਯਾਤਰਾ ਕਰਦੇ ਰਹਿੰਦੇ ਹਨ। ਉਸ ਤਰ੍ਹਾਂ ਹੀ ਸਾਡੇ ਸਾਰਿਆਂ ਲਈ ਇਹ ਸ਼ਬਦ ਭਾਵੇਂ ਬਹੁਤ ਹੀ ਆਮ ਜਾਪਦਾ ਹੋਵੇ ਪਰ ਅਸਲ ਵਿਚ ਇਹ ਬਹੁਤ ਹੀ ਖ਼ਾਸ ਸ਼ਬਦ ਹੈ। ਅਸੀਂ ਸਾਰੇ ਦਿਨ ਵਿਚ ਇਕ-ਅਧ ਜਾਂ ਕਈ ਵਾਰੀ ਉਸ ਤੋਂ ਵੀ ਵੱਧ ਵਾਰ ਕੁਝ ਖ਼ਾਸ ਸ਼ਬਦਾਂ ਦੀ ਵਰਤੋਂ ਕਰਦੇ ਰਹਿੰਦੇ ਹਾਂ। ਕਈ ਵਾਰ ਤਾਂ ਅਜਿਹਾ ਵੀ ਹੁੰਦਾ ਹੈ ਕਿ ਸ਼ਬਦ ਨੂੰ ਸਮਝਣ ਅਤੇ ਕਹਿਣ ਵਿਚ ਕਈ ਵਰ੍ਹੇ ਬੀਤ ਜਾਂਦੇ ਹਨ। ਬਹੁਤੀ ਵਾਰ ਉਸ ਸ਼ਬਦ ਦਾ ਤੁਰੰਤ ਅਹਿਸਾਸ ਜ਼ਿੰਦਗੀ ਵਿਚ ਖ਼ੁਸ਼ੀਆਂ ਲੈ ਆਉਂਦਾ ਹੈ ਅਤੇ ਕਦੇ-ਕਦੇ ਉਸ ਸ਼ਬਦ ਦੇ ਅਹਿਸਾਸ ਨੂੰ ਕਬੂਲ ਕਰਨ ਅਤੇ ਬੋਲਣ ਵਿਚ ਇਕ ਉਮਰ ਵੀ ਘੱਟ ਪੈ ਜਾਂਦੀ ਹੈ। ਉਂਝ ਤਾਂ ਸਾਡੀ ਜ਼ਿੰਦਗੀ ਵਿਚ ਹਰ ਇਕ ਸ਼ਬਦ ਦਾ ਆਪਣਾ ਇਕ ਭਾਵ, ਅਰਥ ਅਤੇ ਅਹਿਸਾਸ ਹੁੰਦਾ ਹੈ ਪਰ ਇਹ ਸ਼ਬਦ ਸਾਡੇ ਸਾਰਿਆਂ ਦੀ ਜ਼ਿੰਦਗੀ ਦੇ ਅਰਥਾਂ ਨੂੰ ਬਦਲਣ ਦੀ ਸਮਰਥਾ ਰੱਖਦਾ ਹੈ।

ਜੇ ਕਿਹਾ ਜਾਵੇ ਕਿ ਉਸ ਸ਼ਬਦ ਬਾਰੇ ਸੋਚੋ ਜੋ ਅਸਲ ਵਿਚ ਮਾਤਰ ਕੁਝ ਧੁਨੀਆਂ ਨਾਲ ਸਜਿਆ ਹੋਇਆ ਹੈ, ਪਰ ਇਹ ਨਿਰੋਲ ਸ਼ਬਦ ਜ਼ਿੰਦਗੀ ਦੇ ਅਹਿਸਾਸਾਂ ਨੂੰ ਬਦਲ ਕੇ ਨਵੀਨ ਤਾਜ਼ਗੀ ਪ੍ਰਦਾਨ ਕਰ ਸਕਦਾ ਹੈ। ਅਸਲ ਵਿਚ ਇਹ ਸ਼ਬਦ ਮਾਫ਼ੀ, ਖ਼ਿਮਾ ਜਾਂ ਸੌਰੀ ਕਹਿਣਾ ਹੈ। ਜੇ ਧਿਆਨ ਨਾਲ ਸੋਚਿਆ ਜਾਵੇ ਤਾਂ ਇਹ 'ਸ਼ਬਦ' ਸਿਰਫ਼ 'ਸ਼ਬਦ' ਨਹੀਂ ਬਲਕਿ ਸੰਵੇਦਨਾ, ਭਾਵ ਅਤੇ ਅਹਿਸਾਸ ਹੈ ਜੋ ਕਿਸੇ ਇਕ ਮਨ ਤੋਂ ਦੂਜੇ ਮਨ ਤਕ ਪਹੁੰਚ ਕਰਦਾ ਹੈ। ਦੂਜੇ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਇਕ ਤਰ੍ਹਾਂ ਦਾ ਸੰਕਲਪ ਹੈ, ਜੋ ਵਿਅਕਤੀ ਜੀਵਨ ਵਿਚ ਬਦਲਾਓ ਲਿਆਉਣ ਦੇ ਨਾਲ-ਨਾਲ ਵਿਅਕਤਿਤਵ ਨਿਰਮਾਣ ਵਿਚ ਸਹਾਇਕ ਹੁੰਦਾ ਹੈ। ਮਾਫ਼ੀ ਮੰਗਣ ਨਾਲ ਵਿਅਕਤੀ ਅੰਦਰ ਨੈਤਿਕ ਮੁੱਲਾਂ ਦਾ ਵਿਕਾਸ ਸੰਭਵ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ ਜਿਵੇਂ ਪਿਆਰ ਦਾ ਇਜ਼ਹਾਰ ਕਰਨ ਲਈ ਕੁਝ ਖ਼ਾਸ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਤਰ੍ਹਾਂ ਹੀ ਇਹ ਸ਼ਬਦ 'ਮਾਫ਼ੀ' ਵੀ ਮਨੁੱਖੀ ਭਾਵਾਂ ਦੇ ਪ੍ਰਗਟਾਅ ਨੂੰ ਵੱਖਰੇ ਢੰਗ ਨਾਲ ਬਿਆਨ ਕਰਦਾ ਹੈ। ਮਾਫ਼ੀ ਸ਼ਬਦ ਦਿਮਾਗ਼ ਤੋਂ ਦਿਲ ਤਕ ਦਾ ਸਫ਼ਰ ਤੈਅ ਕਰਦਾ-ਕਰਦਾ ਰੂਹ ਨੂੰ ਸਕੂਨ ਪ੍ਰਦਾਨ ਕਰਦਾ ਹੈ। ਅਜਿਹਾ ਸਕੂਨ ਜੋ ਉਸ ਪਰਮਾਤਮਾ ਦੀ ਭਗਤੀ ਕਰਨ ਅਤੇ ਉਸ ਦੀ ਪ੍ਰਾਪਤੀ ਵੱਲ ਦੇ ਰਾਹ 'ਤੇ ਤੁਰਦਿਆਂ ਪ੍ਰਾਪਤ ਹੁੰਦਾ ਹੈ। ਮਾਫ਼ੀ ਦੀ ਖ਼ਾਸ ਗੱਲ ਇਹ ਹੈ ਕਿ ਇਸ ਨੂੰ ਮੰਗਣ ਵਾਲਾ ਵਿਅਕਤੀ ਤਾਂ ਮਹਾਨ ਲੋਕਾਂ ਦੀ ਸ਼੍ਰੇਣੀ ਵਿਚ ਆਉਂਦਾ ਹੀ ਹੈ, ਬਲਕਿ ਮਾਫ਼ੀ ਦੇਣ ਵਾਲੇ ਵਿਅਕਤੀ ਨੂੰ ਕਈ ਵਾਰੀ ਰੱਬ ਵਰਗਾ ਦਰਜਾ ਦੇ ਦਿੱਤਾ ਜਾਂਦਾ ਹੈ। ਮਾਫ਼ੀ ਜਾਂ ਖ਼ਿਮਾਂ ਅਜਿਹਾ ਅੰਦਰੂਨੀ ਅਹਿਸਾਸ ਹੈ ਜਿਸ ਨੂੰ ਪ੍ਰਾਪਤ ਕਰਨ ਲਈ ਕਿਸੇ ਵੀ ਪ੍ਰਕਾਰ ਦੇ ਤਪ, ਜਪ ਜਾਂ ਸਰੀਰਕ ਪੀੜਾਂ ਤੋਂ ਗੁਜ਼ਰਨਾ ਨਹੀਂ ਪੈਂਦਾ ਸਗੋਂ ਇਹ ਤਾਂ ਦਿਲੋਂ ਨਿਕਲਿਆ ਅਜਿਹਾ ਅਹਿਸਾਸ ਜਾਂ ਭਾਵ ਹੈ ਜਿਸ ਅੰਦਰ ਵੱਡੀਆਂ-ਵੱਡੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਤਾਕਤ ਹੈ। ਇਹ ਸ਼ਕਤੀ ਸਕਾਰਾਤਮਕ ਵਿਹਾਰ ਨੂੰ ਵਧਾਉਂਦੀ ਹੈ।

ਅਸੀਂ ਆਮ ਤੌਰ 'ਤੇ ਪਿਆਰ ਨੂੰ ਕਈ ਰੰਗਾਂ ਨਾਲ ਪ੍ਰਭਾਸ਼ਿਤ ਕਰਦੇ ਹਾਂ ਜੇ ਇਸ ਪੱਖੋਂ ਵਿਚਾਰਿਆ ਜਾਵੇ ਤਾਂ ਮਾਫ਼ੀ ਦਾ ਰੰਗ ਜ਼ਰੂਰ ਪਾਣੀ ਵਰਗਾ ਨਿਰਛਲ ਅਤੇ ਨਿਰਮਲ ਹੋਣਾ ਹੈ, ਕਿਉਂਕਿ ਇਹ ਰੰਗ ਤਾਂ ਉਸ ਨੂੰ ਬੋਲਣ ਵਾਲੇ ਦੇ ਅੰਦੂਰਨੀ ਅਹਿਸਾਸਾਂ 'ਤੇ ਨਿਰਭਰ ਕਰਦਾ ਹੈ। ਜਿਵੇਂ ਕਿ ਅਗਰ ਮਾਫ਼ੀ ਸ਼ਬਦ ਦਾ ਪ੍ਰਯੋਗ ਸਮੇਂ ਸਿਰ ਕਰ ਲਿਆ ਜਾਵੇ ਤਾਂ ਇਸ ਦੇ ਅਰਥ ਹਨ ਅਤੇ ਜੇ ਇਸ ਨੂੰ ਮੰਗਣ ਵਿਚ ਦੇਰ ਕਰ ਦਿੱਤੀ ਜਾਵੇ ਤਾਂ ਕਈ ਵਾਰੀ ਇਹ ਬੇਅਰਥ ਵੀ ਹੋ ਜਾਂਦੇ ਹਨ। ਇਸ ਬਾਰੇ ਇਕ ਖ਼ਾਸ ਗੱਲ ਧਿਆਨ ਦੀ ਮੰਗ ਕਰਦੀ ਹੈ ਕਿ ਮਾਫ਼ੀ ਨੂੰ ਬੋਲਣ ਜਾਂ ਸਵੀਕਾਰਨ ਵਾਲੇ ਦੀ ਕੋਈ ਉਮਰ, ਸ਼੍ਰੇਣੀ, ਦੌਰ, ਦਰਜਾ ਜਾਂ ਧਰਮ ਨਹੀਂ ਹੁੰਦਾ, ਬਲਕਿ ਇਸ ਨੂੰ ਬੋਲਣ ਵਾਲੇ ਦਾ ਅਹਿਸਾਸ ਜਨਮਾਂ ਤਕ ਵਿਅਕਤੀਗਤ ਮਨ 'ਤੇ ਡੂੰਘਾ ਪ੍ਰਭਾਵ ਛੱਡ ਜਾਂਦਾ ਹੈ। ਗੁਰੂਆਂ, ਪੀਰਾਂ ਪੈਗੰਬਰਾਂ ਨੇ ਵੀ ਕਿਹਾ ਹੈ ਕਿ ਜੋ ਵਿਅਕਤੀ ਆਪਣੇ ਕੀਤੇ-ਅਣਕੀਤੇ ਕਰਮਾਂ ਨੂੰ ਸਵੀਕਾਰਦਾ ਮਾਫ਼ੀ ਮੰਗਦਾ ਜਾਂ ਆਪਣੀ ਗ਼ਲਤੀ ਦਾ ਅਹਿਸਾਸ ਪ੍ਰਗਟਾਉਂਦਾ ਹੈ ਤਾਂ ਉਸ 'ਤੇ ਰੱਬ ਆਪ ਆਪਣੀ ਮਿਹਰ ਭਰਿਆ ਹੱਥ ਰੱਖਦਾ ਹੈ। ਮਾਫ਼ੀ ਨੂੰ ਸੁਲਝਾ ਦਾ ਪ੍ਰਤੀਉੱਤਰ ਵੀ ਕਿਹਾ ਜਾ ਸਕਦਾ ਹੈ, ਕਿਸੇ ਵੀ ਵੱਡੀ ਤੋਂ ਵੱਡੀ ਸਮੱਸਿਆ ਜਾਂ ਲੜਾਈ ਦਾ ਜਦੋਂ ਹੱਲ ਨਾ ਲੱਭ ਰਿਹਾ ਹੋਵੇ ਤਾਂ ਉਸ ਸਮੇਂ ਇਹ ਇਕ ਸ਼ਬਦ ਕਈ ਸਮੁੱਚੀਆਂ ਸਮੱਸਿਆਵਾਂ ਦਾ ਇਕ ਮਾਤਰ ਸੁਲਝਾ ਬਣ ਜਾਂਦਾ ਹੈ। ਮਾਫ਼ੀ ਦਾ ਇਜ਼ਹਾਰ ਕਰਨ ਲਈ ਕੋਈ ਵੀ ਰਾਹ ਭਾਵੇਂ ਮੌਖਿਕ ਜਾਂ ਲਿਖਿਤ ਹੋਏ ਜਾਇਜ਼ ਹੋ ਸਕਦਾ ਹੈ। ਇਜ਼ਹਾਰੇ ਬਿਆਨ ਕੁਝ ਵੀ ਹੋਵੇ ਬਸ ਇਸ ਨੂੰ ਬੋਲਣ ਵਾਲੇ ਦੇ ਭਾਵ ਸ਼ੁੱਧ ਹੋਣੇ ਚਾਹੀਦੇ ਹਨ। ਜੇ ਮਾਫ਼ੀ ਮੰਗਣ ਵਾਲਾ ਮਾਫ਼ੀ ਨੂੰ ਪ੍ਰਾਪਤ ਕਰਨ ਤੋਂ ਬਾਅਦ, ਸ਼ੁਕਰੀਆ ਜਾਂ ਧੰਨਵਾਦ ਕਰਦਾ ਹੈ ਤਾਂ ਮਾਫ਼ੀ ਦੇ ਮਾਇਨੇ ਹੋਰ ਜ਼ਿਆਦਾ ਵੱਧ ਜਾਂਦੇ ਹਨ। ਕਈ ਵਾਰੀ ਇਨ੍ਹਾਂ ਸ਼ਬਦਾਂ ਨੂੰ ਬੋਲਣ ਵਾਲਾ ਭਾਵ ਰਹਿਤ ਹੁੰਦਾ ਇਸ ਨੂੰ ਆਪਣੀ ਨੈਤਿਕ ਜ਼ਿੰਮੇਵਾਰੀ ਨਹੀਂ ਮੰਨਦਾ ਸਗੋਂ ਇਕ ਜਬਰਨ ਪੈਦਾ ਹੋਇਆ ਅਹਿਸਾਸ ਮੰਨਦਾ ਹੈ।

ਅਜਿਹੇ ਵੇਲੇ ਮਾਫ਼ੀ ਦੇ ਅਰਥ-ਬੇਅਰਥ ਹੋ ਜਾਂਦੇ ਹਨ। ਜਿਵੇਂ ਕਿ ਅਗਰ ਕੋਈ ਬੱਚਾ ਆਪਣੇ ਮਾਂ-ਪਿਉ ਕੋਲੋਂ ਸਿਰਫ਼ ਡਰ ਦੇ ਭਾਵ ਵਿਚ ਆ ਕੇ ਉਪਰੀ ਮਨੋਂ ਮਾਫ਼ੀ ਮੰਗਦਾ ਹੈ ਤੇ ਅਸਲ ਵਿਚ ਉਸ ਨੂੰ ਆਪਣੀ ਗ਼ਲਤੀ ਦਾ ਕੋਈ ਅਹਿਸਾਸ ਨਹੀਂ ਹੁੰਦਾ ਤਾਂ ਅਜਿਹੇ ਵੇਲੇ ਮਾਫ਼ੀ ਦੇ ਮਾਇਨੇ ਅਰਥਹੀਣ ਹੁੰਦੇ ਹਨ। ਸੋ, ਚਲੋ ਸਾਰੇ ਆਪਣੀ ਹਉਮੈ ਨੂੰ ਤਿਆਗ ਸੱਚੇ ਦਿਲੋਂ ਸਭ ਤੋਂ ਪਹਿਲਾ ਆਪਣੇ-ਆਪ ਤੋਂ ਮਾਫ਼ੀ ਮੰਗਦੇ ਤਾਂ ਜੋ ਅਗਰ ਕੋਈ ਮਨੁੱਖ ਆਪਣੇ ਆਪ ਨੂੰ ਮਾਫ਼ ਕਰ ਸਕਦਾ ਹੈ, ਉਹ ਦੁਨੀਆ ਦੇ ਹਰ ਵਿਅਕਤੀ ਨੂੰ ਮਾਫ਼ ਕਰਨ ਦੀ ਸਮਰਥਾ ਰੱਖਦਾ ਹੈ। ਉਸ ਨੂੰ ਕੋਈ ਵੀ ਗੱਲ ਇੰਨੀ ਵੱਡੀ ਨਹੀਂ ਜਾਪਦੀ ਜਿਸ ਨੂੰ ਮਾਫ਼ੀ ਰਾਹੀਂ ਖ਼ਤਮ ਨਾ ਕੀਤਾ ਜਾ ਸਕਦਾ ਹੋਵੇ। ਉਸ ਤੋਂ ਬਾਅਦ ਉਸ ਵਿਅਕਤੀ ਕੋਲੋਂ ਮਾਫ਼ੀ ਮੰਗਣ ਵਿਚ ਬਿਲਕੁਲ ਨਾ ਝਿਜਕੋ ਜਿਸ ਨੂੰ ਤੁਸੀਂ ਕਈ ਦਿਨਾਂ ਜਾਂ ਮਹੀਨਿਆਂ ਤੋਂ ਮਾਫ਼ੀ ਨਹੀਂ ਮੰਗੀ ਜਾਂ ਦਿੱਤੀ ਹੈ। ਇਸ ਲਈ ਮਾਫ਼ੀ ਨੂੰ ਆਪਣੀ ਜ਼ਿੰਦਗੀ ਦਾ ਅੰਗ ਬਣਾਉਣ ਵਿਚ ਸ਼ਰਮਿੰਦਗੀ ਮਹਿਸੂਸ ਨਹੀਂ ਕਰਨੀ ਚਾਹੀਦੀ ਸਗੋਂ ਇਸ ਨੂੰ ਸੰਕਲਪ ਦੀ ਤਰ੍ਹਾਂ ਜੀਵਨ ਵਿਚ ਸ਼ਾਮਿਲ ਕਰ ਨੈਤਿਕ ਕਾਰਜ ਦੀ ਤਰਫ਼ ਇਕ ਕਦਮ ਚੁੱਕਣਾ ਚਾਹੀਦਾ ਹੈ।

# ਦ੍ਰਿੜ ਵਿਸ਼ਵਾਸ ਦਾ ਕਮਾਲ

➤ ਡੇਵਿਡ ਜੇ. ਸ਼ਵਾਰਜ਼



ਮੇਰੀ ਇੱਕ ਵਾਕਫ਼ ਔਰਤ ਨੇ ਦੋ ਸਾਲ ਪਹਿਲਾ ਇਹ ਫੈਸਲਾ ਕੀਤਾ ਕਿ ਉਹ ਮੋਬਾਈਲ ਹੋਮ ਵੇਚਣ ਦੀ ਏਜੰਸੀ ਬਣਾਏਗੀ। ਉਸ ਨੂੰ ਕਈ ਲੋਕਾਂ ਨੇ ਇਹ ਸਲਾਹ ਦਿੱਤੀ ਕਿ ਉਸ ਨੂੰ ਇਹ ਕੰਮ ਨਹੀਂ ਕਰਨਾ ਚਾਹੀਦਾ ਕਿਉਂਕਿ ਉਹ ਇਸ ਤਰਾਂ ਨਹੀਂ ਕਰ ਪਾਏਗੀ।

ਉਸ ਔਰਤ ਕੋਲ ਪੂੰਜੀ ਦੇ ਨਾਂ ਤੇ ਸਿਰਫ 3000 ਡਾਲਰ ਸਨ ਤੇ ਉਸ ਨੂੰ ਦੱਸਿਆ ਗਿਆ ਕਿ ਇਸ ਕੰਮ ਨੂੰ ਸ਼ੁਰੂ ਕਰਨ ਲਈ ਕਈ ਗੁਣਾਂ ਵੱਧ ਪੂੰਜੀ ਦੀ ਲੋੜ ਹੋਵੇਗੀ। ਉਸ ਨੂੰ ਸਮਝਾਇਆ ਗਿਆ ਕਿ, ਇਸ ਵਿਚ ਮੁਕਾਬਲਾ ਬਹੁਤ ਹੈ, ਤੇ ਇਸ ਤੋਂ ਇਲਾਵਾ ਤੁਹਾਡੇ ਕੋਲ ਮੋਬਾਈਲ ਹੋਮ ਵੇਚਣ ਦਾ ਕੋਈ ਤਜਰਬਾ ਨਹੀਂ ਹੈ। ਤਹਾਨੂੰ ਬਿਜਨਸ ਚਲਾਉਣ ਦਾ ਵੀ ਕੋਈ ਅਨੁਭਵ ਨਹੀਂ ਹੈ।

ਪਰ ਇਸ ਜਵਾਨ ਔਰਤ ਨੂੰ ਆਪਣੀ ਯੋਗਤਾ ਤੇ ਪੂਰਾ ਭਰੋਸਾ ਸੀ। ਉਸ ਨੂੰ ਭਰੋਸਾ ਸੀ ਕਿ ਉਹ ਸਫਲ ਹੋਵੇਗੀ। ਉਹ ਮੰਨਦੀ ਸੀ ਕਿ ਉਸ ਕੋਲ ਪੂੰਜੀ ਨਹੀਂ ਹੈ। ਬਿਜਨਸ ਵਿਚ ਸੱਚਮੁੱਚ ਸਖਤ ਮੁਕਾਬਲਾ ਸੀ ਅਤੇ ਉਸ ਕੋਲ ਅਨੁਭਵ ਦੀ ਵੀ ਘਾਟ ਸੀ।

'ਪਰ' ਉਸਨੇ ਕਿਹਾ, ਮੈਨੂੰ ਇਹ ਸਪਸ਼ਟ ਦਿਖ ਰਿਹਾ ਹੈ ਕਿ ਮੋਬਾਈਲ ਇੰਡਸਟਰੀ ਬੜੀ ਤੇਜੀ ਨਾਲ ਫੈਲਦੀ ਜਾ ਰਹੀ ਹੈ। ਇਸ ਤੋਂ ਇਲਾਵਾ, ਮੈਂ ਆਪਣੇ ਬਿਜਨਸ ਵਿਚ ਹੋਣ ਵਾਲੇ ਮੁਕਾਬਲੇ ਦਾ ਅਧਿਐਨ ਕਰ ਲਿਆ ਹੈ। ਮੈਂ ਜਾਂਦੀ ਹਾਂ ਕਿ ਮੈਂ ਇਸ ਬਿਜਨਸ ਨੂੰ ਇਸ ਸ਼ਹਿਰ ਵਿਚ ਸਭ ਤੋਂ ਵਧੀਆ ਢੰਗ ਨਾਲ ਕਰ ਸਕਦੀ ਹਾਂ। ਮੈਂ ਜਾਂਦੀ ਹਾਂ ਕਿ ਮੇਰੇ ਕੋਲੋਂ ਥੋੜੀਆਂ-ਬਹੁਤੀਆਂ ਗ਼ਲਤੀਆਂ ਤਾ ਹੋਣਗੀਆਂ, ਪਰ ਮੈਂ ਸਿਖ਼ਰ ਤੇ ਬਹੁਤ ਤੇਜੀ ਨਾਲ ਪਹੁੰਚਣਾ ਚਾਹੁੰਦੀ ਹਾਂ।

ਤੇ ਉਹ ਪੁੱਜ ਗਈ। ਉਸਨੂੰ ਪੂੰਜੀ ਜੁਟਾਉਣ ਵਿਚ ਕੋਈ ਖਾਸ ਸਮੱਸਿਆ ਨਹੀਂ ਆਈ। ਇਸ ਬਿਜਨਸ ਵਿਚ ਸਫਲ ਹੋਣ ਦੇ ਦ੍ਰਿੜ ਵਿਸ਼ਵਾਸ ਨੂੰ ਵੇਖ ਕੇ ਦੋ ਨਿਵੇਸ਼ਕਾਂ ਨੇ ਉਸਦੇ ਕਾਰੋਬਾਰ ਵਿਚ ਨਿਵੇਸ਼ ਕਰਨ ਦਾ ਖਤਰਾ ਲਿਆ ਤੇ ਦ੍ਰਿੜ ਨਿਸ਼ਚੇ ਦੇ ਸਹਾਰੇ ਉਸਨੇ ਅਸੰਭਵ ਨੂੰ ਸੰਭਵ ਕਰ ਵਿਖਾਇਆ ਉਸਨੇ ਬਗੈਰ ਇੱਕ ਪੈਸਾ ਵੀ ਦਿੱਤੇ ਇੱਕ ਟ੍ਰੇਲਰ ਬਣਾਉਣ ਵਾਲੇ ਤੋਂ ਮਾਲ ਅਡਵਾਂਸ ਲੈ ਲਿਆ।

ਪਿਛਲੇ ਸਾਲ ਉਸਨੇ 1,000,000 ਡਾਲਰ ਤੋਂ ਵੱਧ ਕੀਮਤ ਦੇ ਟ੍ਰੇਲਰ ਵੇਚੇ। 'ਅਗਲੇ ਸਾਲ', ਉਸ ਦਾ ਕਹਿਣਾ ਹੈ, ਮੈਨੂੰ ਆਸ ਹੈ ਕਿ ਮੈਂ 2,000,000 ਡਾਲਰ ਦਾ ਆਕੜਾ ਪਾਰ ਕਰ ਜਾਵਾਂਗੀ। ਵਿਸ਼ਵਾਸ , ਦ੍ਰਿੜ ਵਿਸ਼ਵਾਸ, ਦਿਮਾਗ ਨੂੰ ਪ੍ਰੇਰਿਤ ਕਰਦਾ ਹੈ ਕਿ ਉਹ ਨਿਸ਼ਾਨੇ ਨੂੰ ਪ੍ਰਾਪਤ ਕਰਨ ਦੇ ਢੰਗ, ਸਾਧਨ ਤੇ ਉਪਾਅ ਲੱਭੇ ਅਤੇ ਜੇਕਰ ਤਹਾਨੂੰ ਭਰੋਸਾ ਹੋ ਜਾਵੇ ਕਿ ਤੁਸੀਂ ਸਫਲ ਹੋ ਸਕਦੇ ਹੋ, ਤਾਂ ਇਸ ਨਾਲ ਦੂਜੇ ਵੀ ਤੁਹਾਡੇ ਤੇ ਭਰੋਸਾ ਕਰਨ ਲੱਗ ਪੈਂਦੇ ਹਨ।

# ਸਰਬੱਤ ਦਾ ਭਲਾ ਬਨਾਮ ਸਿਆਸਤ



> ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਤਾਂ ਦੋਹਾਂ ਮੁਲਕਾਂ ਵਿਚਾਲੇ ਜੰਗ ਛਿੜਨ ਦੇ ਖਦਸ਼ੇ ਵੀ ਪ੍ਰਗਟ ਕੀਤੇ ਜਾ ਰਹੇ ਸਨ। ਇਸੇ ਕਰਕੇ ਨਫਰਤ ਦੀ ਸਿਆਸਤ ਅਤੇ ਦੋਹਾਂ ਪੰਜਾਬਾਂ ਵਿਚਾਲੇ ਪਾੜਾ ਵਧਾਉਣ ਵਾਲੀ ਸਿਆਸਤ ਖਿਲਾਫ ਸਭ ਤੋਂ ਪਹਿਲਾਂ ਅਤੇ ਉਚੀ ਸੁਰ ਅਲਾਪਦੇ ਪੰਜਾਬੀ ਹੀ ਉਠੇ।

ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਜਨਮ ਦਿਹਾੜਾ ਸਿਰ ‘ਤੇ ਹੈ ਅਤੇ ਪੰਜਾਬ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਸਬੰਧੀ ਹੋਣ ਵਾਲੇ ਸਮਾਗਮ ਵਿਚ ‘ਚੌਧਰ ਕਿਸ ਦੀ ਹੋਵੇ ?’ ਬਾਰੇ ਖਹਿਬੜ ਰਹੀਆਂ ਹਨ। ਅਸਲ ਵਿਚ ਇਹ ਸਾਰਾ ਮਾਮਲਾ ਅਕਾਲੀ ਆਗੂਆਂ ਦੀ ਚੌਧਰ ਦਾ ਨਜ਼ਰ ਆਉਂਦਾ ਹੈ, ਜੋ ਬੇਅਦਬੀ ਕਾਂਡ ਅਤੇ ਹੋਰ ਕਈ ਕਾਰਨਾਂ ਕਰਕੇ ਪਾਰਟੀ ਨੂੰ ਵੱਜੀ ਸਿਆਸੀ ਪਛਾੜ ਦੀ ਭਰਪਾਈ ਲਈ ਹੱਥ-ਪੈਰ ਮਾਰ ਰਹੇ ਹਨ। ਆਮ ਤੱਥ ਹੈ, ਇਹ ਸਮਾਗਮ ਪੰਜਾਬ ਸਰਕਾਰ ਜਾਂ ਸ਼੍ਰੋਮਣੀ ਕਮੇਟੀ ਦੀ ਅਗਵਾਈ ਵਿਚ ਹੋਣਾ ਹੀ ਹੈ, ਪਰ ਪਿਛਲੇ ਸਮੇਂ ਦੌਰਾਨ ਇਸ ਸਮਾਗਮ ਲਈ ਜੋ ਸਿਆਸਤ ਕੀਤੀ ਗਈ, ਉਸ ਤੋਂ ਜਾਪਦਾ ਹੈ ਕਿ ਇਸ ਅਹਿਮ ਗੁਰਪੁਰਬ ਮੌਕੇ ਸੰਗਤ ਨੂੰ ਦਿੱਤਾ ਜਾਣ ਵਾਲਾ ਸੁਨੇਹਾ ਬਹੁਤ ਪਿਛਾਂਹ ਛੁੱਟ ਜਾਵੇਗਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਲੋਕਾਈ ਦੀ ਬਿਹਤਰੀ ਲਈ ਸਰਬੱਤ ਦੇ ਭਲੇ ਦਾ ਸੁਨੇਹਾ ਦਿੱਤਾ ਅਤੇ ‘ਕਿਰਤ ਕਰੋ, ਵੰਡ ਛਕੋ, ਨਾਮ ਜਪੋ’ ਦਾ ਹੋਕਾ ਦਿੱਤਾ, ਪਰ ਇਸ ਮਾਮਲੇ ‘ਤੇ ਸਿਆਸਤ ਇੰਨੀ ਜ਼ਿਆਦਾ ਭਾਰੂ ਹੋ ਗਈ ਹੈ ਕਿ ਇਸ ਸੁਨੇਹੇ ਨੂੰ ਘਰ-ਘਰ ਪਹੁੰਚਾਉਣ ਦਾ ਖਿਆਲ ਹੁਣ ਸ਼ਾਇਦ ਕਿਸੇ ਵੀ ਧਿਰ ਨੂੰ ਨਹੀਂ।

ਪਿਛਲੇ ਕੁਝ ਸਮੇਂ ਦੌਰਾਨ ਕੁਝ ਵਿਦਵਾਨਾਂ ਅਤੇ ਚਿੰਤਕਾਂ ਨੇ ਸਿੱਖੀ ਵਿਚ ਆਏ ਨਿਘਾਰ ਦੀ ਬਾਕਾਇਦਾ ਨਿਸ਼ਾਨਦੇਹੀ ਕਰਦਿਆਂ ਇਸ ਪੁਰਬ ਮੌਕੇ ਇਸ ਪਾਸੇ ਮੁੜ ਹੰਭਲਾ ਮਾਰਨ ਬਾਰੇ ਸੁਝਾਅ ਦਿੱਤੇ, ਪਰ ਕਿਸੇ ਵੀ ਧਿਰ ਦਾ ਕੋਈ ਹਾਂ-ਪੱਖੀ ਵਿਚਾਰ ਸਾਹਮਣੇ ਨਹੀਂ ਆਇਆ। ਸਾਰਾ ਮਸਲਾ ਆਖਰਕਾਰ ਸਿਆਸਤ ਉਤੇ ਆਣ ਕੇ ਟੁੱਟ ਜਾਂਦਾ ਰਿਹਾ। ਹੁਣ ਕਰਤਾਰਪੁਰ ਲਾਂਘੇ ਬਾਰੇ ਅਕਾਲੀ ਆਗੂ ਅਤੇ ਕੇਂਦਰ ਸਰਕਾਰ ਵਿਚ ਵਜ਼ੀਰ ਹਰਸਿਮਰਤ ਕੌਰ ਬਾਦਲ ਦਾ ਆਪ-ਮੁਹਾਰਾ ਬਿਆਨ ਆ ਗਿਆ ਹੈ। ਪਹਿਲੇ ਪਾਤਿਸ਼ਾਹ ਦੇ ਪੁਰਬ ਮੌਕੇ ਕਰਤਾਰਪੁਰ ਲਾਂਘੇ ਵਾਲਾ ਮਸਲਾ ਬਿਨਾ ਸ਼ੱਕ ਬਹੁਤ ਅਹਿਮ ਹੈ, ਪਰ ਸੌੜੀ ਸਿਆਸਤ ਕਾਰਨ ਇਹ ਪੁਰਬ ਮਹਿਜ਼ ਲਾਂਘੇ ਤੱਕ ਘਟਾ ਦਿੱਤਾ ਗਿਆ ਹੈ।

ਜਦੋਂ ਕਰਤਾਰਪੁਰ ਲਾਂਘੇ ਬਾਰੇ ਸ਼ੁਰੂਆਤੀ ਵਿਚਾਰ ਉਠੇ ਸਨ ਤਾਂ ਸਭ ਤੋਂ ਉਭਰਵਾਂ ਤੱਥ ਇਹੀ ਸੀ ਕਿ ਦੋਵੇਂ ਪੰਜਾਬ ਇਕ-ਦੂਜੇ ਦੇ ਹੋਰ ਨੇੜੇ ਆਉਣਗੇ। ਇਸ ਦਾ ਵੀ ਇਕ ਵੱਡਾ ਕਾਰਨ ਸੀ। ਭਾਰਤ ਅਤੇ ਪਾਕਿਸਤਾਨ ਵਿਚਾਲੇ ਜਦੋਂ-ਜਦੋਂ ਵੀ ਤਣਾਅ ਵਧਿਆ ਹੈ, ਇਸ ਦਾ ਸਭ ਤੋਂ ਵੱਧ ਸੇਕ ਦੋਹਾਂ ਪਾਸਿਆਂ ਦੇ ਪੰਜਾਬੀਆਂ ਨੂੰ ਹੀ ਲੱਗਾ ਹੈ। ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਤਾਂ ਦੋਹਾਂ ਮੁਲਕਾਂ ਵਿਚਾਲੇ ਜੰਗ ਛਿੜਨ ਦੇ ਖਦਸ਼ੇ ਵੀ ਪ੍ਰਗਟ ਕੀਤੇ ਜਾ ਰਹੇ ਸਨ। ਇਸੇ ਕਰਕੇ ਨਫਰਤ ਦੀ ਸਿਆਸਤ ਅਤੇ ਦੋਹਾਂ ਪੰਜਾਬਾਂ ਵਿਚਾਲੇ ਪਾੜਾ ਵਧਾਉਣ ਵਾਲੀ ਸਿਆਸਤ ਖਿਲਾਫ ਸਭ ਤੋਂ ਪਹਿਲਾਂ ਅਤੇ ਉਚੀ ਸੁਰ ਅਲਾਪਦੇ ਪੰਜਾਬੀ ਹੀ ਉਠੇ। ਉਸ ਵਕਤ ਦੋਹਾਂ ਪੰਜਾਬਾਂ, ਖਾਸ ਕਰਕੇ ਚੜ੍ਹਦੇ ਪੰਜਾਬ ਵਿਚੋਂ ਜੰਗ ਖਿਲਾਫ ਜੋ ਆਵਾਜ਼ ਆਈ, ਉਹ ਅਸਲ ਵਿਚ ਸਰਬੱਤ ਦੇ ਭਲੇ ਲਈ ਮਾਰਿਆ ਹਾਅ ਦਾ ਨਾਅਰਾ ਹੀ ਸੀ। ਇਹ ਆਵਾਜ਼ ਸਾਰੇ ਮੁਲਕ ਅੰਦਰ ਨਫਰਤ ਦੇ ਬੀਜ ਖਲਾਰ ਰਹੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਨੇ ਵੀ ਬਾਕਾਇਦਾ ਸੁਣੀ। ਬਾਅਦ ਵਿਚ ਇਹ ਆਵਾਜ਼ ਉਸ ਵਕਤ ਵੀ ਬੁਲੰਦ ਹੋਈ ਜਦੋਂ ਕੇਂਦਰ ਸਰਕਾਰ ਨੇ ਰਾਤੋ-ਰਾਤ ਐਲਾਨ ਕਰਕੇ ਕਸ਼ਮੀਰੀਆਂ ਨੂੰ ਵੱਧ ਹੱਕ ਦੇਣ ਵਾਲੀ ਧਾਰਾ 370 ਖਤਮ ਕਰ ਦਿੱਤੀ ਅਤੇ ਜੰਮੂ ਕਸ਼ਮੀਰ ਸੂਬੇ ਨੂੰ ਤਿੰਨ ਟੋਟਿਆਂ ਵਿਚ ਵੰਡ ਕੇ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦਿੱਤਾ। ਪੰਜਾਬ ਵਿਚ ਆਏ ਹੜ੍ਹਾਂ ਦੌਰਾਨ ਆਮ ਲੋਕਾਂ ਨੇ ਜਿਸ ਤਰ੍ਹਾਂ ਇਕ-ਦੂਜੇ ਦੀ ਬਾਂਹ ਫੜੀ, ਉਸ ਤੋਂ ਤਾਂ ਇਹ ਗੱਲ ਐਨ ਸਪੱਸ਼ਟ ਹੋ ਗਈ ਕਿ ਗੁਰੂਆਂ-ਪੀਰਾਂ ਦੇ ਵਿਚਾਰਾਂ ਦੀ ਵਰੋਸਾਈ ਪੰਜਾਬ ਦੀ ਧਰਤੀ ਭੀੜ ਪੈਣ ‘ਤੇ ਵੀ ਆਪਣਾ ਜਲੌਅ ਬਰਕਰਾਰ ਰੱਖ ਸਕਦੀ ਹੈ। ਇਹ ਜਲੌਅ ਸਮੁੱਚੇ ਸੰਸਾਰ ਨੇ ਦੇਖਿਆ ਅਤੇ ਸੰਸਾਰ ਭਰ ਵਿਚ ਇਸ ਦੀ ਸ਼ਲਾਘਾ ਵੀ ਹੋਈ। ਇਹ ਅਸਲ ਵਿਚ ਸਰਬੱਤ ਦੇ ਭਲੇ ਲਈ ਮੋਕਲਾ ਹੋ ਰਿਹਾ ਵਿਹੜਾ ਸੀ। ਜਾਹਰ ਹੈ ਕਿ ਪੰਜਾਬੀ ਆਵਾਮ ਲਗਾਤਾਰ ਅਤੇ ਵਾਰ-ਵਾਰ ਸਰਬੱਤ ਦੇ ਭਲੇ ਦੇ ਸੁਨੇਹੇ ਨੂੰ ਦੂਰ-ਦੂਰ ਤੱਕ ਪਹੁੰਚਾਉਣ ਲਈ ਤਾਂਘ ਰੱਖ ਰਹੀ ਹੈ, ਜਦਕਿ ਸੱਤਾਧਾਰੀ ਆਪਣੀਆਂ ਸਿਆਸੀ ਗਿਣਤੀਆਂ-ਮਿਣਤੀਆਂ ਵਿਚ ਗਲਤਾਨ ਹਨ। ਕੁਝ ਮਹੀਨੇ ਪਹਿਲਾਂ ਜਦੋਂ ਪਹਿਲਾਂ-ਪਹਿਲ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਮੰਗ ਭਖੀ ਸੀ ਤਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖਦਸ਼ਾ ਜਾਹਰ ਕਰ ਦਿੱਤਾ ਸੀ ਕਿ ਇਸ ਨਾਲ ਦਹਿਸ਼ਤਵਾਦ ਨੂੰ ਹੱਲਾਸ਼ੇਰੀ ਮਿਲ ਸਕਦੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਇਸ ਮਸਲੇ ਨੂੰ ਆਪਣੇ ਢੰਗ ਨਾਲ ਆਪਣੀ ਸਿਆਸੀ ਪੈਂਠ ਮੁੜ ਬਣਾਉਣ ਦੇ ਕੋਣ ਤੋਂ ਲੋਕਾਂ ਸਾਹਮਣੇ ਲਿਆਉਣਾ ਸ਼ੁਰੂ ਕਰ ਦਿੱਤਾ। ਉਸ ਵਕਤ ਸ਼੍ਰੋਮਣੀ ਕਮੇਟੀ ਕਿਤੇ ਵੀ ਸੀਨ ‘ਤੇ ਨਹੀਂ ਆਈ ਅਤੇ ਕੇਂਦਰ ਸਰਕਾਰ ਨੇ ਵੀ ਆਪਣੇ ਸੱਤਾ-ਭਾਈਵਾਲ ਅਕਾਲੀ ਦਲ ਨੂੰ ਹੀ ਅੱਗੇ ਰੱਖਣ ਦਾ ਯਤਨ ਕੀਤਾ। ਹੁਣ ਵੀ ਅਕਾਲੀ ਦਲ ਨੇ ਸ਼੍ਰੋਮਣੀ ਕਮੇਟੀ ਰਾਹੀਂ ਕੇਂਦਰ ਸਰਕਾਰ ਤੱਕ ਪਹੁੰਚ ਬਣਾਈ ਹੋਈ ਹੈ। ਇਸੇ ਸਿਆਸਤ ਵਿਚੋਂ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਅਕਾਲੀ ਆਗੂ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਨੂੰ ਮਿਲੇ ਸਨ, ਪਰ ਹਾਲਾਤ ਦੀ ਵਿਡੰਬਨਾ ਇਹ ਹੈ ਕਿ ਕਰਤਾਰਪੁਰ ਲਾਂਘੇ ਨਾਲ ਜੁੜੀ ਦੂਜੀ ਧਿਰ ਪਾਕਿਸਤਾਨ ਨਾਲ ਤਾਲਮੇਲ ਬਿਠਾਇਆ ਹੀ ਨਹੀਂ ਜਾ ਰਿਹਾ। ਕੇਂਦਰੀ ਮੰਤਰੀ ਨੇ 8 ਨਵੰਬਰ ਨੂੰ ਲਾਂਘੇ ਬਾਰੇ ਬਿਆਨ ਤਾਂ ਦੇ ਦਿੱਤਾ, ਇਸ ਬਾਰੇ ਪਾਕਿਸਤਾਨ ਨੂੰ ਨਾਲ ਰੱਖਿਆ ਹੀ ਨਹੀਂ। ਇਹ ਸਾਰੀ ਸਿਆਸਤ ਉਸ ਵਕਤ ਹੋ ਰਹੀ ਹੈ, ਜਦੋਂ ਸਿੱਖੀ ਅੰਦਰ ਨਵੀਂ ਰੂਹ ਭਰਨ ਅਤੇ ਸਿਆਣੀ ਸਿਆਸਤ ਨੂੰ ਲੀਹ ਉਤੇ ਪਾਉਣ ਲਈ ਸੰਜੀਦਾ ਆਵਾਜ਼ਾਂ ਸੁਣਾਈ ਦੇ ਰਹੀਆਂ ਹਨ। ਇਸ ਸਿਆਸੀ ਕਸ਼ਮਕਸ਼ ਵਿਚ ਲਾਂਘੇ ਵਾਲੇ ਸਮਾਗਮ ਦਾ ਮਾਮਲਾ ਹੁਣ ਅਕਾਲ ਤਖਤ ਕੋਲ ਪਹੁੰਚ ਗਿਆ ਹੈ। ਉਮੀਦ ਕਰਨੀ ਚਾਹੀਦੀ ਹੈ ਕਿ ਇਸ ਸਬੰਧੀ ਜੋ ਵੀ ਫੈਸਲਾ ਹੋਵੇਗਾ, ਉਹ ਸਰਬੱਤ ਦੇ ਭਲੇ ਅਤੇ ਸਿੱਖੀ ਦੀ ਸ਼ਾਨ ਲਈ ਅਗਲਾ ਕਦਮ ਸਾਬਤ ਹੋਵੇਗਾ। ਇਸ ਗੁਰਪੁਰਬ ਦੀ ਸਾਰਥਕਤਾ ਸਾਂਝੀਵਾਲਤਾ ਦੇ ਹੋਕੇ ਨਾਲ ਹੀ ਬਣਦੀ ਹੈ ਅਤੇ ਇਹ ਹੋਕਾ ਸੰਸਾਰ ਪੱਧਰ ਉਤੇ ਜਾਣਾ ਚਾਹੀਦਾ ਹੈ।

# ਕਿਸੇ ਦੀ ਰੀਸ ਨਾ ਕਰੋ

> ਤੈਂ ਸ਼ੇਰ ਤਾਂ ਕੀ ਬਣਨਾ ਸੀ ਤੂੰ ਤਾਂ ਗਿੱਦੜ ਕਹਾਉਣ ਤੋਂ ਵੀ ਜਾਂਦਾ ਰਿਹਾ, ਜੇ ਤੂੰ ਆਪਣੀ ਔਕਾਤ ਅੰਦਰ ਰਹਿੰਦਾ ਤੇ ਸ਼ੇਰ ਦੀ ਰੀਸ ਨਾ ਕਰਦਾ ਤਾਂ ਬਚਿਆ ਰਹਿੰਦਾ।





ਇੱਕ ਦਿਨ ਜੰਗਲ ਵਿੱਚ ਸ਼ੇਰ ਤੇ ਸ਼ੇਰਨੀ ਬੈਠੇ ਆਪਸ ਵਿੱਚ ਕਲੋਲਾਂ ਕਰ ਰਹੇ ਸਨ। ਇਹ ਸਭ ਕੁਝ ਉੱਥੇ ਨੇੜੇ ਹੀ ਛੁਪ ਕੇ ਬੈਠਾ ਗਿੱਦੜ ਦੇਖ ਰਿਹਾ ਸੀ। ਇੰਨੇ ਨੂੰ ਸ਼ੇਰਨੀ ਨੇ ਸ਼ੇਰ ਨੂੰ ਕਿਹਾ ਪਿਆਰੇ ਸ਼ੇਰ, ਮੈਨੂੰ ਖਾਣ ਲਈ ਕੋਈ ਵਸਤੂ ਲਿਆ ਦੇ, ਮੈਨੂੰ ਬਹੁਤ ਭੁੱਖ ਲੱਗੀ ਹੋਈ ਹੈ।

ਸ਼ੇਰਨੀ ਦੇ ਕਹਿਣ ਦੀ ਦੇਰ ਸੀ ਕਿ ਸ਼ੇਰ ਇਕਦਮ ਖੜ੍ਹਾ ਹੋ ਗਿਆ ਤੇ ਇੱਕ ਦੋ ਵਾਰੀ ਆਪਣੀ ਪੂੰਛ ਉੱਪਰ ਨੂੰ ਖੜ੍ਹੀ ਕੀਤੀ ਤੇ ਇੱਕ ਦੋ ਵਾਰੀ ਬੜੇ ਜ਼ੋਰ ਦੀ ਦਹਾੜਿਆ ਤੇ ਅੱਖਾਂ ਦੇ ਡੋਰੇ ਲਾਲ ਕਰਕੇ ਬੋਲਿਆ ਦੇਖੀਂ ਸ਼ੇਰਨੀ, ਮੇਰੀ ਤੋਰ ਭਾਰੀ ਹੈ, ਅੱਖਾਂ ਲਾਲ ਹਨ ਤੇ ਕੀ ਪੂੰਛ ਖੜ੍ਹੀ ਹੈ ? ਸ਼ੇਰਨੀ ਨੇ ਇਹ ਦੇਖ ਕੇ ‘ਹਾਂ’ ਕਹਿ ਦਿੱਤੀ। ਫਿਰ ਸ਼ੇਰ ਜੰਗਲ ਦੇ ਅੰਦਰ ਨੂੰ ਚਲਾ ਗਿਆ।

ਸ਼ੇਰ ਨੇ ਕੁਝ ਪਲਾਂ ਦੇ ਅੰਦਰ ਹੀ ਇੱਕ ਹਿਰਨ ਦੇ ਬੱਚੇ ਦਾ ਸ਼ਿਕਾਰ ਕਰ ਲਿਆ ਤੇ ਵਾਹੋ-ਦਾਹੀ ਦਹਾੜਾਂ ਮਾਰਦਾ ਹੋਇਆ ਸ਼ਿਕਾਰ ਆਪਣੀ ਸ਼ੇਰਨੀ ਦੇ ਅੱਗੇ ਖਾਣ ਨੂੰ ਰੱਖ ਦਿੱਤਾ। ਸ਼ੇਰਨੀ ਬਹੁਤ ਖੁਸ਼ ਹੋਈ ਕਿ ਉਸ ਨੇ ਛੇਤੀ ਹੀ ਸ਼ਿਕਾਰ ਮਾਰ ਕੇ ਲੈ ਆਂਦਾ। ਸ਼ੇਰਨੀ ਨੇ ਹਿਰਨ ਦੇ ਬੱਚੇ ਦਾ ਮਾਸ ਖਾ ਕੇ ਕਿਹਾ ਪਿਆਰੇ ਸ਼ੇਰ, ਮੈਨੂੰ ਅੱਜ ਮਾਸ ਖਾ ਕੇ ਬੜਾ ਸੁਆਦ ਆਇਆ ਹੈ। ਸ਼ੇਰਨੀ ਇਹ ਕਹਿ ਕੇ ਆਪਣੇ ਘੁਰਨੇ ਵਿੱਚ ਚਲੀ ਗਈ।

ਇਹ ਸਭ ਕੁਝ ਦੇਖ ਕੇ ਗਿੱਦੜ ਕਾਫ਼ੀ ਹੈਰਾਨ ਹੋਇਆ ਤੇ ਆਪਣੇ ਘੁਰਨੇ ਵੱਲ ਚੱਲ ਪਿਆ। ਉੱਥੇ ਜਾ ਕੇ ਜੋ ਕੁਝ ਉਸ ਨੇ ਵੇਖਿਆ ਸੀ ਉਹ ਸਭ ਕੁਝ ਆਪਣੀ ਗਿੱਦੜੀ ਨੂੰ ਦੱਸ ਕੇ ਕਹਿਣ ਲੱਗਾ ਪਿਆਰੀ ਗਿੱਦੜੀ, ਮੈਂ ਵੀ ਕਿਸੇ ਸ਼ੇਰ ਤੋਂ ਘੱਟ ਨਹੀਂ ਹਾਂ। ਕਦੇ ਮੈਨੂੰ ਅਜ਼ਮਾ ਕੇ ਦੇਖ ਲਵੀਂ। ਪਰ ਗਿੱਦੜੀ ਆਪਣੇ ਗਿੱਦੜ ਦੀ ਔਕਾਤ ਤੋਂ ਭਲੀ-ਭਾਂਤ ਜਾਣੂ ਸੀ। ਓਧਰ ਗਿੱਦੜ ਕਿੱਥੇ ਟਲਣ ਵਾਲਾ ਸੀ। ਹਰ ਰੋਜ਼ ਗਿੱਦੜੀ ਨੂੰ ਕਿਹਾ ਕਰੇ ਕਿ ਉਹ ਵੀ ਕਦੇ ਆਪਣੇ ਪਤੀ ਨੂੰ ਸਵਾਲ ਪਾ ਕੇ ਅਜ਼ਮਾ ਕੇ ਦੇਖ ਲਵੇ, ਪਰ ਗਿੱਦੜੀ ਚੁੱਪ ਕਰਕੇ ਗੱਲ ਟਾਲਦੀ ਰਹੀ।

ਜਦੋਂ ਗਿੱਦੜ ਵਾਰ-ਵਾਰ ਕਹਿਣ ਤੋਂ ਨਾ ਟਲਿਆ ਤਾਂ ਗਿੱਦੜੀ ਨੇ ਸ਼ੇਰਨੀ ਵਾਂਗੂ ਰੋਅਬ ਨਾਲ ਕਿਹਾ ਮੇਰੇ ਮਿਹਰਬਾਨ, ਮੈਨੂੰ ਜ਼ੋਰ ਦੀ ਭੁੱਖ ਲੱਗੀ ਹੈ, ਖਾਣ ਨੂੰ ਕੁਝ ਛੇਤੀ ਲੈ ਕੇ ਆ। ਇਹ ਸੁਣਦੇ ਸਾਰ ਗਿੱਦੜ ਜੋਸ਼ ਵਿੱਚ ਆ ਗਿਆ ਤੇ ਉੱਚੀ-ਉੱਚੀ ਬੜੇ ਜ਼ੋਰ ਨਾਲ ਚੀਕਾਂ ਮਾਰਨ ਲੱਗ ਪਿਆ। ਪੂੰਛ ਵੀ ਖੜ੍ਹੀ ਕਰ ਲਈ ਇੱਕ-ਦੋ ਵਾਰ ਅੱਖਾਂ ਦੇ ਡੇਲੇ ਵੀ ਇੱਧਰ-ਉੱਧਰ ਘੁੰਮਾਏ ਤੇ ਫਿਰ ਗਿੱਦੜੀ ਨੂੰ ਸ਼ੇਰ ਦੇ ਵਾਂਗ ਪੁੱਛਣ ਲੱਗਿਆ ਦੇਖੀਂ ਪਿਆਰੀ ਗਿੱਦੜੀ, ਮੇਰੀ ਤੋਰ ਭਾਰੀ ਹੈ, ਕੀ ਅੱਖਾਂ ਲਾਲ ਹਨ ਤੇ ਪੂੰਛ ਖੜ੍ਹੀ ਹੈ ? ਗਿੱਦੜੀ ਨੇ ਬਿਨਾਂ ਕੁਝ ਦੇਖਿਆਂ ਹਾਂ ਕਹਿੰਦਿਆਂ ਕਿਹਾ ਵਾਹ ਗਿੱਦੜ ਮਹਾਰਾਜ ਜੀ, ਤੇਰਾ ਕੀ ਕਹਿਣਾ ਹੁਣ ਤੂੰ ਸ਼ੇਰ ਦੀ ਬਜਾਏ ਬੱਬਰ ਸ਼ੇਰ ਬਣ ਗਿਆ ਹੈਂ।

ਫਿਰ ਕੀ ਸੀ ਗਿੱਦੜ ਇੱਕ ਪਿੰਡ ਨੂੰ ਜਾਂਦੀ ਪਹੀ ਨੂੰ ਪੈ ਗਿਆ। ਅੱਗੇ ਕੀ ਦੇਖਿਆ ਕਿ ਨਾਲ ਦੇ ਪਿੰਡ ਦੇ ਘੁਮਿਆਰ ਦਾ ਇੱਕ ਗਧਾ ਪਹੀ ਵਿੱਚ ਜਾ ਰਿਹਾ ਸੀ। ਗਿੱਦੜ ਨੇ ਗਧੇ ਦਾ ਸ਼ਿਕਾਰ ਕਰਨ ਦੀ ਸੋਚੀ ਤੇ ਗਧੇ ਦੀਆਂ ਪਿਛਲੀਆਂ ਦੋਵੇਂ ਟੰਗਾਂ ਨੂੰ ਆਪਣਾ ਮੂੰਹ ਪਾਇਆ, ਉਸ ਵੱਲੋਂ ਇਸ ਤਰ੍ਹਾਂ ਕਰਨ ਦੀ ਦੇਰ ਸੀ ਕਿ ਗਧੇ ਨੇ ਵੀ ਦੋਨੋਂ ਟੰਗਾਂ ਜੋੜ ਕੇ ਬੜੇ ਜ਼ੋਰ ਦੀ ਦੁਲੱਤੀ ਗਿੱਦੜ ਦੇ ਮੂੰਹ ‘ਤੇ ਅਜਿਹੀ ਮਾਰੀ ਜਿਸ ਨਾਲ ਗਿੱਦੜ ਦਾ ਮੂੰਹ ਖੂਨੋ-ਖੂਨ ਹੋ ਗਿਆ। ਗਿੱਦੜ ਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ ਅਤੇ ਉਸ ਨੂੰ ਵਾਪਸ ਜਾਣ ਲਈ ਰਾਹ ਨਾ ਲੱਭੇ। ਉਹ ਕਿਵੇਂ ਨਾ ਕਿਵੇਂ ਡਿੱਗਦਾ-ਢਹਿੰਦਾ ਗਿੱਦੜੀ ਕੋਲ ਪਹੁੰਚ ਗਿਆ ਤੇ ਜਾਂਦੇ ਸਾਰ ਹੀ ਉਲਟਾ ਗਿੱਦੜੀ ਨੂੰ ਪੈ ਗਿਆ ਨਾ ਤੋਰ ਭਾਰੀ ਸੀ ਤੇ ਨਾ ਹੀ ਅੱਖਾਂ ਲਾਲ ਸਨ ਅਤੇ ਨਾ ਹੀ ਪੂੰਛ ਖੜ੍ਹੀ ਸੀ ਐਵੇਂ ‘ਹਾਂ’ ਕਰਕੇ ਮੈਨੂੰ ਮਰਵਾ ਦਿੱਤਾ।

ਗਿੱਦੜੀ ਨੇ ਇਹ ਸਭ ਦੇਖ ਕੇ ਆਖ਼ਰ ਕਹਿ ਹੀ ਦਿੱਤਾ ਗਿੱਦੜ ਮਹਾਰਾਜ ਜੀ, ਮੈਂ ਇਸ ਮਾੜੀ ਘੜੀ ਤੋਂ ਤੈਨੂੰ ਬਚਾਉਂਦੀ ਤੇ ਟਾਲਦੀ ਆਈ ਪਰ ਤੂੰ ਨਾ ਟਲਿਆ। ਆਖ਼ਿਰਕਾਰ ਆ ਗਿਆ ਮੂੰਹ ਭੰਨਵਾ ਕੇ। ਤੈਂ ਸ਼ੇਰ ਤਾਂ ਕੀ ਬਣਨਾ ਸੀ ਤੂੰ ਤਾਂ ਗਿੱਦੜ ਕਹਾਉਣ ਤੋਂ ਵੀ ਜਾਂਦਾ ਰਿਹਾ, ਜੇ ਤੂੰ ਆਪਣੀ ਔਕਾਤ ਅੰਦਰ ਰਹਿੰਦਾ ਤੇ ਸ਼ੇਰ ਦੀ ਰੀਸ ਨਾ ਕਰਦਾ ਤਾਂ ਬਚਿਆ ਰਹਿੰਦਾ। ਸੋ ਪਿਆਰੇ ਗਿੱਦੜ ਜੀ, ਕਿਸੇ ਦੀ ਰੀਸ ਨਹੀਂ ਕਰਨੀ ਚਾਹੀਦੀ ਤੇ ਹਮੇਸ਼ਾਂ ਆਪਣੇ ਦਾਇਰੇ ਵਿੱਚ ਹੀ ਰਹਿਣਾ ਚਾਹੀਦਾ ਹੈ।

- ਕਾਮਰੇਡ ਗੁਰਨਾਮ ਸਿੰਘ



# ਵਿਦੇਸ਼ਾਂ 'ਚ ਪੜ੍ਹਾਈ ਲਈ
# ਪੰਜਾਬ ਦਾ ਪੈਸਾ ਕੈਨੇਡਾ ਨੂੰ ਉੱਡਿਆ

ਪ੍ਰੋ. ਬਲਵਿੰਦਰਪਾਲ ਸਿੰਘ

**ਵਧੀਆ ਲਾਈਫ ਸਟਾਇਲ ਦੇ ਨਾਲ ਕੈਨੇਡਾ ਵਿਚ ਕਿਸੇ ਤਰ੍ਹਾਂ ਦਾ ਕੋਈ ਭੇਦਭਾਵ ਨਹੀਂ ਹੈ। ਅਮਰੀਕਾ ਤੇ ਹੋਰ ਦੇਸਾਂ ਵਿਚ ਨਸਲੀ ਭੇਦਭਾਵ ਦੀ ਇਕ ਵੱਡੀ ਸਮੱਸਿਆ ਹੈ, ਪਰ ਕੈਨੇਡਾ ਵਿਚ ਵਿਦੇਸ਼ੀ ਵਿਦਿਆਰਥੀਆਂ ਨਾਲ ਚੰਗਾ ਵਿਹਾਰ ਹੁੰਦਾ ਹੈ।**

ਉੱਚ ਪੜ੍ਹਾਈ ਲਈ ਪੰਜਾਬ ਦੇ ਨੌਜਵਾਨਾਂ ਦਾ ਵਿਦੇਸ਼ ਜਾਣ ਦਾ ਰੁਝਾਨ ਸੂਬਾ ਸਰਕਾਰ ਸਾਹਮਣੇ ਹੁਣ ਗੰਭੀਰ ਸਮੱਸਿਆ ਬਣਦਾ ਜਾ ਰਿਹਾ ਹੈ। ਇਸ ਵੇਲੇ ਸੂਬੇ ਦੇ 1.5 ਲੱਖ ਵਿਦਿਆਰਥੀ ਕੈਨੇਡਾ ਤੇ ਆਸਟਰੇਲੀਆ ਦੇ ਵੱਖ-ਵੱਖ ਸਿੱਖਿਅਕ ਅਦਾਰਿਆਂ ਵਿੱਚ ਦਾਖਲ ਹੋ ਰਹੇ ਹਨ। ਆਈਟੀ ਤੇ ਹੋਟਲ ਮੈਨੇਜਮੈਂਟ ਵਿਚ ਜ਼ਿਆਦਾ ਦਾਖਲਾ ਹੋ ਰਿਹਾ ਹੈ। ਆਈਟੀ ਵਿਚ 21.25% ਹੋਟਲ ਮੈਨੇਜਮੈਂਟ 21.25%, ਪ੍ਰੋਡੈਕਟ ਮੈਨਜਮੈਂਟ 12.5%, ਬਿਜਨੈਸ ਸਟੱਡੀ ਵਿਚ 11.25%, ਫਾਇਨਾਂਸ ਵਿਚ 13.75%, ਹੈਲਥ ਸਾਇੰਸ ਵਿਚ 0.6.25%, ਐਮਬੀਏ ਵਿਚ 0.3.75%। ਔਸਤਨ ਇੱਕ ਵਿਦਿਆਰਥੀ ਤਿੰਨ ਸਾਲਾਂ ਤੇ ਦੋ ਸਾਲਾਂ ਦੇ ਕੋਰਸ 'ਤੇ ਲਗਪਗ 15 ਤੋਂ 22 ਲੱਖ ਰੁਪਏ ਖਰਚਦਾ ਹੈ। ਇਸ ਦਾ ਕਾਰਨ ਇਹ ਹੈ ਕਿ ਪੰਜਾਬ ਵਿਚ ਪੜ੍ਹੇ ਲਿਖੇ ਨੌਜਵਾਨ ਵਰਗ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ। ਜਾਣਕਾਰੀ ਮੁਤਾਬਕ ਹਰ ਸਾਲ ਸੂਬੇ ਤੋਂ 48 ਹਜ਼ਾਰ ਵਿਦਿਆਰਥੀ ਵਿਦੇਸ਼ ਜਾ ਰਹੇ ਹਨ। ਪੰਜਾਬ ਦੇ ਮਾਪੇ ਫੀਸਾਂ ਵਜੋਂ ਹਰ ਸਾਲ ਵਿਦੇਸ਼ੀ ਖਾਤਿਆਂ ਵਿੱਚ 28,500 ਕਰੋੜ ਰੁਪਏ ਜਮ੍ਹਾ ਕਰਦੇ ਹਨ। ਪੰਜਾਬ ਸਰਕਾਰ ਦੇ ਕੁੱਲ ਬਜਟ (ਸਾਲ 2019-20 ਲਈ 1,58,493 ਕਰੋੜ ਰੁਪਏ) ਦਾ 19 ਫੀਸਦੀ ਹਿੱਸਾ ਵਿਦੇਸ਼ ਭੇਜ ਰਹੇ ਹਨ।

ਦੁਆਬਾ ਤੇ ਮਾਲਵਾ ਦੇ 100 ਕਾਨੂੰਨੀ ਟਰੈਵਲ ਏਜੰਟ, ਆਈਲੈਟ ਕੋਚਿੰਗ ਸੈਂਟਰ ਤੇ ਬੈਂਕਿੰਗ ਸੰਸਥਾਵਾਂ ਦੇ ਪ੍ਰਤੀਨਿਧੀਆਂ ਦੇ ਰਾਹੀਂ ਪੜਤਾਲ ਕਰਾਈ ਤਾਂ ਪਤਾ ਲੱਗਾ ਕਿ ਨਸ਼ਾ ਤੇ ਬੇਰੁਜ਼ਗਾਰੀ ਵਰਗੀਆਂ ਸਮੱਸਿਆਵ ਦੇ ਕਾਰਨ ਇੱਥੋਂ ਦੇ 75 ਫੀਸਦੀ ਮਾਪੇ ਆਪਣੇ ਬੱਚਿਆਂ ਨੂੰ 12ਵੀਂ ਮਗਰੋਂ ਵਿਦੇਸ਼ ਸੈਟਲ ਕਰਾਉਣ ਲਈ ਸਰਗਰਮ ਹਨ। ਇੰਨਾ ਹੀ ਨਹੀਂ, ਸੂਬੇ ਦੇ 80 ਫੀਸਦੀ ਨੌਜਵਾਨ ਵੀ ਵਿਦੇਸ਼ਾਂ ਵਿੱਚ ਵੱਸਣਾ ਚਾਹੁੰਦੇ ਹਨ। ਇਸ ਪਿੱਛੇ ਕਾਰਨ ਇਹ ਹੈ ਕਿ ਕੈਨੇਡਾ ਦੀਆਂ ਉਦਾਰ ਨੀਤੀਆਂ ਤੇ ਪੜ੍ਹਾਈ ਦੇ ਦੌਰਾਨ ਨੌਕਰੀ ਤੇ ਪੀਆਰ ਦੀ ਸਹੂਲਤ ਦੇ ਕਾਰਨ ਪੰਜਾਬ ਦਾ ਨੌਜਵਾਨ ਵਰਗ ਕੈਨੇਡਾ ਨੂੰ ਆਪਣੀ ਪਹਿਲੀ ਪਸੰਦ ਬਣਾਈ ਬੈਠਾ ਹੈ। ਵਧੀਆ ਲਾਈਫ ਸਟਾਇਲ ਦੇ ਨਾਲ ਕੈਨੇਡਾ ਵਿਚ ਕਿਸੇ ਤਰ੍ਹਾਂ ਦਾ ਕੋਈ ਭੇਦਭਾਵ ਨਹੀਂ ਹੈ। ਅਮਰੀਕਾ ਤੇ ਹੋਰ ਦੇਸਾਂ ਵਿਚ ਨਸਲੀ ਭੇਦਭਾਵ ਦੀ ਇਕ ਵੱਡੀ ਸਮੱਸਿਆ ਹੈ, ਪਰ ਕੈਨੇਡਾ ਵਿਚ ਵਿਦੇਸ਼ੀ ਵਿਦਿਆਰਥੀਆਂ ਨਾਲ ਚੰਗਾ ਵਿਹਾਰ ਹੁੰਦਾ ਹੈ। ਵਿਦੇਸ਼ ਵਿਚ ਪੜ੍ਹਾਈ ਕਰਨਾ ਇਕ ਮਹਿੰਗਾ ਸੌਦਾ ਹੈ। ਟਿਊਸ਼ਨ ਫੀਸ, ਰਹਿਣ ਦਾ ਖਰਚਾ ਤੇ ਯਾਤਰਾ ਦਾ ਖਰਚਾ ਆਦਿ। ਕੈਨੇਡਾ ਸਰਕਾਰ ਵਿਦੇਸ਼ੀ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਦੌਰਾਨ ਪਾਰਟ ਟਾਈਮ ਜਾਬ ਕਰਨ ਦੀ ਸਹੂਲਤ ਦਿੰਦੀ ਹੈ। ਪਾਰਟ ਟਾਈਮ ਜਾਬ ਹਫਤੇ ਵਿਚ ਦਸ ਤੋਂ ਵੀਹ ਘੰਟਿਆਂ ਦੀ ਹੁੰਦੀ ਹੈ। ਇਸ ਨਾਲ ਵਿਦਿਆਰਥੀ ਆਪਣੇ ਰਹਿਣ ਸਹਿਣ ਦਾ ਖਰਚਾ ਚੁੱਕ ਲੈਂਦੇ ਹਨ। ਪੰਜਾਬ ਵਿਚ ਹਰ ਸਾਲ ਆਈਲੈਟਸ ਦੀ ਪ੍ਰੀਖਿਆ 'ਤੇ ਪੰਜ ਸੌ ਕਰੋੜ ਦੀ ਰਾਸ਼ੀ ਖਰਚ ਕੀਤੀ ਜਾਂਦੀ ਹੈ। ਪੰਜਾਬ ਵਿਚ ਹਰ ਸਾਲ ਸਾਢੇ ਤਿੰਨ ਲੱਖ ਨੌਜਵਾਨ ਵਰਗ ਆਈਲੈਟਸ ਦੀ ਪ੍ਰੀਖਿਆ ਦਿੰਦੇ ਹਨ। ਇਹ ਤਕਰੀਬਨ ਫੀਸ 15 ਹਜ਼ਾਰ ਰੁਪਏ ਤੱਕ ਹੁੰਦੀ ਹੈ। ਜੇਕਰ ਵਿਦਿਆਰਥੀ ਪੂਰੇ ਬੈਂਡ ਹਾਸਲ ਨਹੀਂ ਕਰ ਸਕਦੇ ਤਾਂ ਉਨ੍ਹਾਂ ਨੂੰ ਦੁਬਾਰਾ ਇਸ ਦੀ ਤਿਆਰੀ ਕਰਨੀ ਪੈਂਦੀ ਹੈ। ਵਿਦਿਆ ਵਿਚ ਬਿਜਨੈਸ ਕਰਨ ਵਾਲੇ ਲੋਕ ਹੁਣ ਕਾਲਜ ਸਕੂਲ ਖੋਲ੍ਹਣ ਦੀ ਥਾਂ ਇਹੀ ਧੰਦਾ ਕਰਨ ਲੱਗ ਪਏ ਹਨ। ਪੰਜਾਬ ਵਿਚ ਹਰ ਕਸਬੇ ਤੇ ਵੱਡੇ ਪਿੰਡਾਂ ਵਿਚ ਆਈਲੈਟਸ ਸੈਂਟਰ ਖੁੱਲ੍ਹੇ ਹੋਏ ਹਨ। ਤਿਆਰੀ ਅਤੇ ਇਮਤਿਹਾਨ ਦੀ ਫੀਸ ਮਿਲਾ ਕੇ ਪ੍ਰਤੀ ਵਿਦਿਆਰਥੀ 30 ਹਜ਼ਾਰ ਰੁਪਏ ਖਰਚਾ ਆਉਂਦਾ ਹੈ।ਅੱਜ ਕੱਲ੍ਹ ਪੰਜਾਬੀ ਵਿਦਿਆਰਥੀ ਤੁਹਾਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ, ਡੇਲਟਾ, ਵੈਨਕੂਵਰ, ਟੋਰਾਂਟੋ, ਓਨਟਾਰੀਓ, ਮਿਸੀਗਾਗਾ, ਮਾਲਟਨ ਆਦਿ ਅਲਬਰਟਾ ਰਾਜ ਦੇ ਐਡਮਿੰਟਨ, ਕੈਲਗਰੀ, ਕਿਊਬਿਕ ਰਾਜ ਦੇ ਮੌਂਟੀਰੀਆਲ ਦੇ ਮੈਨੀਟੋਬਾ ਵਿਚ ਦਿਖਾਈ ਦੇਣਗੇ। ਕੈਨੇਡਾ ਵਿੱਚ ਪੰਜਾਬੀਆਂ ਦੀ ਧਾਕ ਦਾ ਅੰਦਾਜਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ 21 ਅਕਤੂਬਰ ਨੂੰ ਹੋਣ ਵਾਲੀਆਂ ਸੰਘੀ ਚੋਣਾਂ ਵਿੱਚ 50 ਤੋਂ ਵੱਧ ਉਮੀਦਵਾਰ ਪੰਜਾਬ ਤੋਂ ਹਨ ਅਤੇ ਨਿਊ ਡੈਮੋਕਰੇਟਿਕ ਪਾਰਟੀ ਦੇ ਮੁਖੀ ਜਗਮੀਤ ਸਿੰਘ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਸਭ ਤੋਂ ਮਜ਼ਬੂਤ ਦਾਅਵੇਦਾਰ ਮੰਨਿਆ ਜਾ ਰਿਹਾ ਹੈ। ਕੈਨੇਡਾ ਵਿਚ ਵਿਦਿਆਰਥੀਆਂ ਦਾ ਸ਼ੋਸ਼ਣ ਕੈਨੇਡਾ ਦੇ ਵੱਖ-ਵੱਖ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ 'ਇੰਟਰਨੈਸ਼ਨਲ ਸਟੂਡੈਂਟਸ' ਵਜੋਂ ਭਾਰਤ ਤੋਂ ਆਉਣ ਵਾਲੇ ਵਿਦਿਆਰਥੀਆਂ ਵਿਚੋਂ ਬਹੁ-ਗਿਣਤੀ ਪੰਜਾਬੀਆਂ ਦੀ ਹੈ। ਅੰਤਰਰਾਸ਼ਟਰੀ ਵਿਦਿਆਰਥੀਆਂ ਕੋਲੋਂ ਕਥਿਤ ਉੱਚਸਿੱਖਿਆ ਦੀ ਪ੍ਰਾਪਤੀ ਲਈ ਭਾਰੀ ਫ਼ੀਸਾਂ ਵਸੂਲੀਆਂ ਜਾ ਰਹੀਆਂ ਹਨ ਜੋ ਕਿ ਇੱਥੋਂ ਦੇ ਨਾਗਰਿਕ ਅਤੇ ਪੀਆਰ ਵਿਦਿਆਰਥੀਆਂ ਨਾਲੋਂ ਲਗਪਗ ਤਿੰਨ-ਗੁਣਾ ਹਨ ਪਰ ਇਨ੍ਹਾਂ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਵੱਲ ਸਰਕਾਰ ਦਾ ਕੋਈ ਧਿਆਨ ਨਹੀਂ ਹੈ। ਇਨ੍ਹਾਂ ਵਿਦਿਆਰਥੀਆਂ ਦਾ ਸ਼ੋਸ਼ਣ ਉਨ੍ਹਾਂ ਦੇ ਆਪਣੇ ਦੇਸ਼ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਅਜਿਹੇ ਹੀ ਕੁਝ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਅਜਿਹੇ ਠੱਗ ਏਜੰਟਾਂ ਨੇ ਅਜਿਹੇ ਕੋਰਸ ਦਿਵਾ ਦਿੱਤੇ, ਜਿਨ੍ਹਾਂ ਵਿਚ ਗਰੈਜੂਏਸ਼ਨ ਹਾਸਲ ਕਰ ਕੇ ਵੀ ਉਨ੍ਹਾਂ ਨੂੰ ਨੌਕਰੀ ਨਹੀਂ ਮਿਲੀ। ਉਹ ਹੋਰ ਕੋਰਸਾਂ ਵਿਚ ਦਾਖ਼ਲਾ ਲੈਣ ਲਈ ਮਜਬੂਰ ਹਨ ਤਾਂ ਜੋ ਉਨ੍ਹਾਂ ਦਾ ਕੈਨੇਡਾ ਵਿਚ ਪੱਕੇ ਹੋਣਾ ਦਾ ਸੁਫਨਾ ਨਾ ਟੁੱਟੇ ਪਰ ਇਸ ਕਾਰਨ ਉਹ ਹਜ਼ਾਰਾਂ ਡਾਲਰਾਂ ਦੇ ਕਰਜ਼ਾਈ ਹੋ ਜਾਂਦੇ ਹਨ। ਅੰਤਰਰਾਸ਼ਟਰੀ ਵਿਦਿਆਰਥੀ ਯੂਨੀਵਰਸਿਟੀ ਦੇ ਅੰਡਰ ਗ੍ਰੈਜੂਏਟ ਪ੍ਰੋਗਰਾਮਾਂ ਵਿਚ ਕੈਨੇਡੀਅਨ ਵਿਦਿਆਰਥੀਆਂ ਨਾਲੋਂ 3.4 ਗੁਣਾ ਵਧੇਰੇ ਟਿਊਸ਼ਨ ਫ਼ੀਸ ਅਦਾ ਕਰਦੇ ਹਨ, ਜਦਕਿ ਗ੍ਰੈਜੂਏਟ ਪ੍ਰੋਗਰਾਮਾਂ ਵਿਚ ਇਹ ਫ਼ੀਸ ਲਗਪਗ ਦੁੱਗਣੀ ਹੈ।




ਮੈਨੀਟੋਬਾ ਸਰਕਾਰ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਜਨਤਕ ਸਿਹਤ ਯੋਜਨਾਵਾਂ ਨੂੰ ਰੱਦ ਕਰਨਾ ਬਹੁਤ ਸਾਰੇ ਵਿਦਿਆਰਥੀਆਂ ਲਈ ਵਿੱਤੀ ਦਬਾਅ ਦਾ ਇਕ ਹੋਰ ਪ੍ਰਮੁੱਖ ਕਾਰਨ ਹੈ। ਵਿਨੀਪੈਗ ਵਿਚ ਸਭ ਤੋਂ ਵੱਡੀ ਮੁਸ਼ਕਲ ਹੈ ਮੌਸਮ। ਜ਼ਿਆਦਾ ਬਰਫ਼ਬਾਰੀ ਹੋਣ ਕਾਰਨ ਦਸੰਬਰ ਤੋਂ ਮਾਰਚ ਤੱਕ ਤਾਪਮਾਨ ਦਾ ਪੱਧਰ ਮਨਫ਼ੀ 20 ਤੋਂ ਲੈ ਕਰ ਮਨਫ਼ੀ 40 ਤੱਕ ਹੇਠਾਂ ਡਿੱਗ ਜਾਂਦਾ ਹੈ। ਇੱਥੇਰਹਿੰਦੇ ਵਿਦਿਆਰਥੀਆਂ ਨੇ ਦੱਸਿਆ ਕਿ ਸਭ ਤੋਂ ਔਖਾ ਕੰਮ ਘਰ ਲੱਭਣਾ ਹੈ। ਇਸ ਮਗਰੋਂ ਕੰਮ ਲੱਭਣ ਲਈ ਵੀ ਕਾਫ਼ੀ ਮਿਹਨਤ ਕਰਨੀ ਪੈਂਦੀ ਹੈ। ਕੈਨੇਡਾ ਇਮੀਗ੍ਰੇਸ਼ਨ ਵਿਭਾਗ ਅਨੁਸਾਰ ਕੋਈ ਵੀ ਅੰਤਰਰਾਸ਼ਟਰੀ ਵਿਦਿਆਰਥੀ ਇਕ ਹਫ਼ਤੇ ਵਿਚ 20 ਘੰਟੇ ਤੋਂ ਜ਼ਿਆਦਾ ਕੰਮ ਨਹੀਂ ਕਰ ਸਕਦਾ ਤੇ ਜੇ ਕੋਈ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਦਾ ਫੜਿਆ ਗਿਆ ਤਾਂ ਉਸ ਨੂੰ ਕੈਨੇਡਾ ਵਿਚੋਂ ਡਿਪੋਰਟ ਕਰ ਦਿੱਤਾ ਜਾਵੇਗਾ। ਬਹੁਤ ਸਾਰੇ ਬਿਜ਼ਨਸ ਅਦਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਨੌਕਰੀਆਂ ਦੇਣ ਨੂੰ ਤਰਜੀਹ ਦਿੰਦੇ ਹਨ ਕਿਉਂਕਿ ਉਹ ਘੱਟ ਡਾਲਰਾਂ ਵਿਚ ਪ੍ਰਤੀ ਘੰਟਾ ਕੰਮ ਪ੍ਰਵਾਨ ਕਰ ਲੈਂਦੇ ਹਨ। ਪੀਆਰ ਵਾਸਤੇ ਪੀਐੱਨਪੀ ਤੇ ਐੱਲਐੱਮਆਈਏ ਸ਼ਰ੍ਹੇਆਮ ਵਿਕ ਰਹੀਆਂ ਹਨ। ਕਦੇ ਇਹ ਸੌਦਾ 10 ਕੁ ਹਜ਼ਾਰ ਡਾਲਰ ਵਿਚ ਹੁੰਦਾ ਸੀ ਪਰ ਹੁਣ ਕੀਮਤ 40-50 ਹਜ਼ਾਰ ਡਾਲਰ ਤੱਕ ਅੱਪੜ ਗਈ ਹੈ। ਇੰਜ ਇਕ ਪਾਸੇ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸ਼ੋਸ਼ਣ ਹੋ ਰਿਹਾ ਹੈ ਅਤੇ ਦੂਜੇ ਪਾਸੇ ਨੌਕਰੀਆਂ ਦਾ ਆਮ ਪ੍ਰਤੀ ਘੰਟਾ ਰੇਟ ਵੀ ਡਿੱਗ ਰਿਹਾ ਹੈ।

ਅੱਜ ਕੱਲ੍ਹ ਪੰਜਾਬੀ ਵਿਦਿਆਰਥੀ ਤੁਹਾਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ, ਡੇਲਟਾ, ਵੈਨਕੂਵਰ, ਟੋਰਾਂਟੋ, ਓਨਟਾਰੀਓ, ਮਿਸੀਗਾਗਾ, ਮਾਲਟਨ ਆਦਿ ਅਲਬਰਟਾ ਰਾਜ ਦੇ ਐਡਮਿੰਟਨ, ਕੈਲਗਰੀ, ਕਿਊਬਿਕ ਰਾਜ ਦੇ ਮੌਂਟੀਰੀਆਲ ਦੇ ਮੈਨੀਟੋਬਾ ਵਿਚ ਦਿਖਾਈ ਦੇਣਗੇ। ਕੈਨੇਡਾ ਵਿੱਚ ਪੰਜਾਬੀਆਂ ਦੀ ਧਾਕ ਦਾ ਅੰਦਾਜਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ 21 ਅਕਤੂਬਰ ਨੂੰ ਹੋਣ ਵਾਲੀਆਂ ਸੰਘੀ ਚੋਣਾਂ ਵਿੱਚ 50 ਤੋਂ ਵੱਧ ਉਮੀਦਵਾਰ ਪੰਜਾਬ ਤੋਂ ਹਨ ਅਤੇ ਨਿਊ ਡੈਮੋਕਰੇਟਿਕ ਪਾਰਟੀ ਦੇ ਮੁਖੀ ਜਗਮੀਤ ਸਿੰਘ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਸਭ ਤੋਂ ਮਜ਼ਬੂਤ ਦਾਅਵੇਦਾਰ ਮੰਨਿਆ ਜਾ ਰਿਹਾ ਹੈ। ਕੈਨੇਡਾ ਵਿਚ ਵਿਦਿਆਰਥੀਆਂ ਦਾ ਸ਼ੋਸ਼ਣ ਕੈਨੇਡਾ ਦੇ ਵੱਖ-ਵੱਖ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ 'ਇੰਟਰਨੈਸ਼ਨਲ ਸਟੂਡੈਂਟਸ' ਵਜੋਂ ਭਾਰਤ ਤੋਂ ਆਉਣ ਵਾਲੇ ਵਿਦਿਆਰਥੀਆਂ ਵਿਚੋਂ ਬਹੁ-ਗਿਣਤੀ ਪੰਜਾਬੀਆਂ ਦੀ ਹੈ। ਅੰਤਰਰਾਸ਼ਟਰੀ ਵਿਦਿਆਰਥੀਆਂ ਕੋਲੋਂ ਕਥਿਤ ਉੱਚਸਿੱਖਿਆ ਦੀ ਪ੍ਰਾਪਤੀ ਲਈ ਭਾਰੀ ਫ਼ੀਸਾਂ ਵਸੂਲੀਆਂ ਜਾ ਰਹੀਆਂ ਹਨ ਜੋ ਕਿ ਇੱਥੋਂ ਦੇ ਨਾਗਰਿਕ ਅਤੇ ਪੀਆਰ ਵਿਦਿਆਰਥੀਆਂ ਨਾਲੋਂ ਲਗਪਗ ਤਿੰਨ-ਗੁਣਾ ਹਨ ਪਰ ਇਨ੍ਹਾਂ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਵੱਲ ਸਰਕਾਰ ਦਾ ਕੋਈ ਧਿਆਨ ਨਹੀਂ ਹੈ।

# ਕਣਕ ਦਾ ਰਸ ਹੈ ਕਈ ਰੋਗਾਂ ਦੀ ਦਵਾਈ



ਕਣਕ ਪੌਸ਼ਟਿਕਤਾ ਭਰਪੂਰ ਅਹਾਰ ਹੈ। ਖੋਜਾਂ ਤੋਂ ਬਾਅਦ ਪਤਾ ਲੱਗਿਆ ਹੈ ਕਿ ਕਣਕ ਦੇ ਚੋਕਰ ’ਚ ਵੱਡੀ ਮਾਤਰਾ ਵਿੱਚ ਤਾਕਤ ਹੁੰਦੀ ਹੈ। ਆਮ ਤੌਰ ‘ਤੇ ਆਟਾ ਛਾਨਣ ਮਗਰੋਂ ਇਸ ਨੂੰ ਸੁੱਟ ਦਿੱਤਾ ਜਾਂਦਾ ਹੈ। ਤੰਦਰੁਸਤ ਰਹਿਣ ਲਈ ਡਾਕਟਰ ਬਿਨਾਂ ਛਾਣਿਆ ਆਟਾ ਖਾਣ ਦੀ ਸਲਾਹ ਦਿੰਦੇ ਹਨ। ਇਹ ਆਟਾ ਖਾਣ ਨਾਲ ਪੇਟ ਦੀਆਂ ਬਿਮਾਰੀਆਂ ਦੂਰ ਹੋ ਜਾਂਦੀਆਂ ਹਨ।

ਕਣਕ ਦੇ ਪੌਦਿਆਂ ਦਾ ਜੂਸ ਪੀਣ ਨਾਲ ਸਰੀਰ ਦੇ ਬਹੁਤ ਸਾਰੇ ਰੋਗ ਦੂਰ ਹੋ ਜਾਂਦੇ ਹਨ। ਇਹ ਇੰਨਾ ਲਾਹੇਵੰਦ ਹੈ ਕਿ ਇਸ ਦੀ ਵਰਤੋਂ ਨਾਲ ਕੈਂਸਰ ਦੇ ਮਰੀਜ਼ਾਂ ਵਿੱਚ ਵੀ ਚੰਗੇ ਅਸਰ ਸਾਹਮਣੇ ਆਏ ਹਨ। ਭਗੰਦਰ, ਬਵਾਸੀਰ, ਸ਼ੂਗਰ, ਗਠੀਆ, ਪੀਲੀਆ, ਦਮਾਂ ਤੇ ਖੰਘ ਆਦਿ ਤੋਂ ਪੀੜਤ ਮਰੀਜ਼ ਵੀ ਕਣਕ ਦੇ ਰਸ ਨਾਲ ਠੀਕ ਹੋ ਜਾਂਦੇ ਹਨ। ਬੁਢਾਪੇ ਦੀ ਕਮਜ਼ੋਰੀ ਨੂੰ ਦੂਰ ਕਰਨ ਲਈ ਇਹ ਰਾਮਬਾਣ ਦੀ ਤਰ੍ਹਾਂ ਕੰਮ ਕਰਦੀ ਹੈ। ਕਣਕ ਦੇ ਰਸ ਦੇ ਗੁਣਾਂ ਕਰਕੇ ਇਸ ਨੂੰ ਗਰੀਨ ਬਲੱਡ ਵੀ ਕਿਹਾ ਜਾਂਦਾ ਹੈ।

ਕਣਕ ਦਾ ਰਸ ਬਹੁਤ ਹੀ ਆਸਾਨੀ ਨਾਲ ਤਿਆਰ ਕੀਤਾ ਜਾ ਸਕਦਾ ਹੈ। ਮਿੱਟੀ ਦੇ ਗ਼ਮਲਿਆਂ ਵਿੱਚ ਕਣਕ ਬੀਜ ਕੇ ਸਮੇਂ ਸਿਰ ਪਾਣੀ ਦਿੰਦੇ ਰਹੋ। ਜੇ ਇਨ੍ਹਾਂ ਨੂੰ ਧੁੱਪ ਨਾ ਲੱਗੇ ਤਾਂ ਹੋਰ ਵੀ ਵਧੀਆ ਹੈ। ਅੱਠ-ਦਸ ਦਿਨਾਂ ਅੰਦਰ ਬੂਟੇ 7-8 ਇੰਚ ਦੇ ਹੋ ਜਾਣਗੇ। 30-40 ਪੌਦੇ ਪੁੱਟ ਕੇ ਜੜ੍ਹਾਂ ਕੱਟ ਦੇਵੋ। ਬਚੇ ਹੋਏ ਪੌਦਿਆਂ ਨੂੰ ਸਾਫ਼ ਕਰਕੇ ਪੱਤਿਆਂ ਸਮੇਤ ਥੋੜ੍ਹੇ ਜਿਹੇ ਪਾਣੀ ਨਾਲ ਪੀਸ ਕੇ ਅੱਧਾ ਗਿਲਾਸ ਰਸ ਪੁਣ ਕੇ ਤਿਆਰ ਕਰ ਲਉ। ਰੋਗੀ ਨੂੰ ਸਵੇਰੇ-ਸ਼ਾਮ ਇਸ ਤਾਜ਼ਾ ਰਸ ਦੀ ਵਰਤੋਂ ਕਰਨੀ ਚਾਹੀਦੀ ਹੈ ਕੁਝ ਸਮਾਂ ਲੰਘ ਜਾਣ ’ਤੇ ਰਸ ਬੇਅਸਰ ਹੋ ਜਾਂਦਾ ਹੈ। ਰਸ ਕੱਢਣ ਮਗਰੋਂ ਬਚੇ ਪੱਤਿਆਂ ਨੂੰ ਵੀ ਨਮਕ ਪਾ ਕੇ ਖਾਧਾ ਜਾ ਸਕਦਾ ਹੈ।

ਕਣਕ ਦੇ ਬੂਟਿਆਂ ਨੂੰ ਸਲਾਦ ਦੇ ਰੂਪ ਵਿੱਚ ਵੀ ਵਰਤਿਆ ਜਾ ਸਕਦਾ ਹੈ। ਕਣਕ ਦੇ ਬੂਟੇ 7-8 ਇੰਚ ਤੋਂ ਲੰਬੇ ਨਹੀਂ ਹੋਣੇ ਚਾਹੀਦੇ। ਗ਼ਮਲੇ ਖਾਲੀ ਹੋਣ ਤੋਂ ਬਾਅਦ ਦੁਬਾਰਾ ਫਿਰ ਕਣਕ ਬੀਜੀ ਜਾ ਸਕਦੀ ਹੈ। ਕਣਕ ਦੀਆਂ ਬੱਕਲੀਆਂ ਬਣਾ ਕੇ ਵੀ ਖਾਧੀਆਂ ਜਾ ਸਕਦੀਆਂ ਹਨ।

# ਕੀ ਹੈ ਹਾਈਪਰਬੇਰਿਕ ਆਕਸੀਜਨ ਥੈਰੇਪੀ



ਅੱਜਕੱਲ੍ਹ ਦੇ ਬਦਲਦੇ ਦੌਰ ਵਿੱਚ ਗ਼ਲਤ ਖਾਣ-ਪੀਣ ਕਾਰਨ ਖਾਣੇ ਦੇ ਪਾਚਣ ਤੋਂ ਇੱਕ ਚਿਕਨਾ ਪਦਾਰਥ ਬਣਦਾ ਹੈ ਜਿਸ ਨੂੰ ਕਿ ਪਲੈਂਕ ਕਿਹਾ ਜਾਂਦਾ ਹੈ। ਇਹ ਪਲੈਂਕ ਦਿਲ ਦੀਆਂ ਧਮਣੀਆਂ ਦੀ ਬਲਾਕੇਜ਼ ਤੇ ਹੋਰ ਬਿਮਾਰੀਆਂ ਦਾ ਕਾਰਨ ਬਣਦਾ ਹੈ। ਪਰ ਇੱਕ ਹੋਰ ਰੋਗ ਜੋ ਇਸ ਤੋਂ ਕਿਤੇ ਜ਼ਿਆਦਾ ਖ਼ਤਰਨਾਕ ਹੈ ਅਤੇ ਜੋ ਸ਼ੂਗਰ, ਦਿਲ ਦੇ ਰੋਗ ਆਰਥਰਾਇਟਸ ਅਲਜਾਈਮਰ ਬਲੱਡ ਪ੍ਰੈਸ਼ਰ ਅਤੇ ਕੈਂਸਰ ਆਦਿ ਵਰਗੇ ਅਨੇਕਾਂ ਭਿਆਨਕ ਰੋਗਾਂ ਲਈ ਜ਼ਿੰਮੇਵਾਰ ਹੈ। ਇਹ ਰੋਗ ਕਿਸੇ ਕੋਲੈਸਟਰੋਲ ਜਾਂ ਸਿਰਫ਼ ਕਿਸੇ ਜੀਨ ਦੀ ਖ਼ਰਾਬੀ ਕਰਕੇ ਨਹੀਂ ਹੁੰਦੇ। ਇਨ੍ਹਾਂ ਰੋਗਾਂ ਦਾ ਮੁੱਖ ਕਾਰਨ ਸੋਜ਼ਿਸ਼ ਜਾਂ ਜਲਣ ਹੈ ਜਿਸ ਨੂੰ ਕਿ ਇਨਫਲੇਮੇਸ਼ਨ ਕਿਹਾ ਜਾਂਦਾ ਹੈ ਇਹ ਇਨਫਲੇਮੇਸ਼ਨ ਹੀ ਸਾਰੇ ਦਰਦਾਂ ਦਾ ਕਾਰਨ ਬਣਦੀ ਹੈ। ਇਸ ਵਿਸ਼ੇ ’ਤੇ ਕਾਫ਼ੀ ਵਿਗਿਆਨਕ ਖੋਜ ਕੇਂਦਰਿਤ ਹੋ ਚੁੱਕੀ ਹੈ ਕਿ ਕਿਵੇਂ ਇਨਫਲੇਮੇਸ਼ਨ ਸਰੀਰ ’ਤੇ ਹਮਲਾ ਕਰਦੀ ਹੈ ਅਤੇ ਕਿਵੇਂ ਐੱਚ.ਬੀ.ਓ.ਟੀ. ਥੈਰੇਪੀ ਇਸ ਨੂੰ ਉਸ ਥਾਂ ’ਤੇ ਹੀ ਖ਼ਤਮ ਕਰ ਦਿੰਦੀ ਹੈ ਅੱਜ ਇਨਫਲੇਮੇਸ਼ਨ ਉੱਤੇ ਜਿੱਤ ਹਾਸਿਲ ਕਰਨ ਨੂੰ ਹੀ ਐਂਟੀ ਏਜਿੰਗ ਦਾ ਥੰਮ੍ਹ ਮੰਨਿਆ ਜਾਂਦਾ ਹੈ। ਕੁੱਝ ਅਗਾਂਹਵਧੂ ਸੋਚ ਵਾਲੇ ਡਾਕਟਰ ਅਤੇ ਸਾਇੰਸਦਾਨ ਪਿਛਲੇ ਤੀਹ ਸਾਲ ਤੋਂ ਇਸ ਥੈਰੇਪੀ ਦਾ ਇਸਤੇਮਾਲ ਕਰਦੇ ਆ ਰਹੇ ਹਨ ਜਿਸ ਦੌਰਾਨ ਮਰੀਜ ਨੂੰ ਆਕਸੀਜਨ ਨਾਲ ਭਰੇ ਹਾਈਪਰਬੇਰਿਕ ਚੈਂਬਰ ਵਿੱਚ ਬਿਠਾ ਕਿ ਸਾਧਾਰਨ ਆਟਮੋਸਫੇਰਿਕ ਦਬਾਅ ’ਤੇ ਸਾਹ ਕਿਰਿਆ ਕਰਵਾਈ ਜਾਂਦੀ ਹੈ। ਇਹ ਥੈਰੇਪੀ ਸੈਰੇਬਰਲ ਨੀਤੀ ਤੋਂ ਪ੍ਰਭਾਵਿਤ ਬੱਚੇ ਅਤੇ ਖੇਡਾਂ ਦੌਰਾਨ ਲੱਗਣ ਵਾਲੀਆਂ ਸੱਟਾਂ ਵਿੱਚ ਕਾਫ਼ੀ ਕਾਰਗਰ ਸਾਬਿਤ ਹੋਈ ਹੈ। ਅੱਜ ਦੇ ਦੌਰ ਵਿੱਚ ਹਰ ਵਿਅਕਤੀ ਸਰੀਰ ਵਿੱਚ ਆਕਸੀਜਨ ਦੇ ਘੱਟ ਪੱਧਰ ਤੋਂ ਪੀੜਤ ਹੁੰਦਾ ਜਾ ਰਿਹਾ ਹੈ। ਇਸ ਦੇ ਘੱਟ ਪੱਧਰ ਬਾਰੇ ਸਾਡੇ ਸਰੀਰ ਵਿੱਚ ਉਪਰੋਕਤ ਲੱਛਣ ਦਿਸਣ ਲੱਗ ਪੈਂਦੇ ਜਿਵੇਂ ਕਿ ਥਕਾਵਟ, ਦਰਦਾਂ, ਸਿਰਦਰਦ, ਦਿਮਾਗੀ ਧੁੰਦ ਅਤੇ ਕਈ ਵਾਰ ਭਾਰ ਦਾ ਵਧਣਾ ਆਦਿ। ਜੇ ਅਸੀਂ ਇਸ ਨੂੰ ਕੰਟਰੋਲ ਨਹੀਂ ਕਰਦੇ ਤਾਂ ਇਹ ਹਾਈਪੌਕਸੀਆ ਦਾ ਕਾਰਨ ਬਣਦੀ ਹੈ ਜੋ ਕਿ ਆਕਸੀਜਨ ਦੇ ਨੀਵੇਂ ਪੱਧਰ ਦੀ ਇੱਕ ਨਾਜ਼ੁਕ ਹਾਲਤ ਹੈ ਅਤੇ ਇਸ ਦਾ ਸਬੰਧ ਦਿਮਾਗ ਦੇ ਕਮਜ਼ੋਰ ਹੋਣਾ, ਨਾਸੂਰ ਬਣਨਾ ਅਤੇ ਕੈਂਸਰ ਆਦਿ ਨਾਲ ਹੈ। ਇਸ ਥੈਰੇਪੀ ਦੀ ਵਰਤੋਂ 1930 ਤੋਂ ਕੀਤੀ ਜਾ ਰਹੀ ਹੈ। ਉਸ ਸਮੇਂ ਇਹ ਸਮੁੰਦਰ ਵਿੱਚ ਜਾਣ ਵਾਲੇ ਗੋਤਾਖੋਰਾਂ ਦੇ ਇਲਾਜ ਲਈ ਵਰਤੀ ਜਾਂਦੀ ਸੀ। ਫਿਰ 1960 ਵਿੱਚ ਕਾਰਬਨ ਮੋਨੋਆਕਸਾਈਡ ਜ਼ਹਿਰ ਤੋਂ ਪੀੜਤਾਂ ਤੇ ਇਸ ਦਾ ਇਸਤੇਮਾਲ ਕੀਤਾ ਜਾਣ ਲੱਗ ਪਿਆ। ਅੱਜ ਕਈ ਹਸਪਤਾਲ ਸਰਜਰੀ ਕਾਰਨ ਜਾਂ ਸਰੀਰ ਦੀ ਕਮਜ਼ੋਰ ਸਰਕੂਲੇਸ਼ਨ ਅਤੇ ਸ਼ੂਗਰ ਕਾਰਨ ਹੋਣ ਵਾਲੇ ਜ਼ਖ਼ਮਾਂ ਨੂੰ ਠੀਕ ਕਰਨ ਲਈ ਇਸ ਥੈਰੇਪੀ ਦਾ ਇਸਤੇਮਾਲ ਕਰ ਰਹੇ ਹਨ। ਸਾਡੇ ਸਰੀਰ ਦਾ ਹਰੇਕ ਸੈੱਲ ਆਕਸੀਜਨ ਲੈਂਦਾ ਹੈ ਉਹ ਇਸ ਨੂੰ ਸੈੱਲ ਵਿੱਚ ਹੋਣ ਵਾਲੀ ਟੁੱਟ-ਭੱਜ ਅਤੇ ਡੀ.ਐਨ.ਏ. ਦੀ ਮੁਰੰਮਤ ਲਈ ਵਰਤਦਾ ਹੈ। ਆਕਸੀਜਨ ਦਾ ਇਸਤੇਮਾਲ ਨਵੇਂ ਤੰਦਰੁਸਤ ਸੈੱਲਾਂ ਦੇ ਨਿਰਮਾਣ ਲਈ ਵੀ ਹੁੰਦਾ ਹੈ। ਜਦੋਂ ਵੀ ਸਰੀਰ ਵਿੱਚ ਸੱਟ ਲਗਦੀ ਹੈ ਤਾਂ ਉਸ ਜਗ੍ਹਾ ਆਕਸੀਜਨ ਦੀ ਸਪਲਾਈ ਘੱਟ ਜਾਂਦੀ ਹੈ ਭਾਵੇਂ ਉਹ ਜ਼ਖ਼ਮ ਹੋਵੇ ਜਾਂ ਧਮਣੀਆਂ ਦੀ ਬਲਾਕੇਜ। ਐੱਚ.ਬੀ.ਓ.ਟੀ. ਥੈਰੇਪੀ ਦੁਆਰਾ ਦਿੱਤੀ ਆਕਸੀਜਨ ਖ਼ੂਨ ਸੰਚਾਰ ਸਿਸਟਮ ਵਿੱਚ ਆਕਸੀਜਨ ਵਿੱਚ ਵਾਧਾ ਕਰ ਦਿੰਦੀ ਹੈ ਜੋ ਕਿ ਸਰੀਰ ਦੇ ਕੁਦਰਤੀ ਰੋਗ ਨਿਰੋਧਕ ਸਿਸਟਮ ਨੂੰ ਹਲੂਣ ਕਿ ਇਨਫਲੇਮੇਸ਼ਨ ਨੂੰ ਘੱਟ ਕਰਦੀ ਹੈ ਅਤੇ ਸੈੱਲਾਂ ਦੀ ਮੌਤ ਨੂੰ ਰੋਕਣ ਦਾ ਕੰਮ ਕਰਦੀ ਹੈ। ਇਸ ਤੋਂ ਇਲਾਵਾ ਐੱਚ.ਬੀ.ਓ.ਟੀ. ਹੋਰ ਕਈ ਮਹੱਤਵਪੂਰਨ ਕੰਮ ਕਰਦੀ ਹੈ ਜਿਵੇਂ- - ਖ਼ਤਰਨਾਕ ਬੈਕਟੀਰੀਆ ਅਤੇ ਵਾਇਰਸ ਨੂੰ ਖ਼ਤਮ ਕਰਨਾ; ਸਾਰੇ ਸਰੀਰ ਨੂੰ ਊਰਜਾਵਾਨ ਕਰਨਾ। - ਸੈੱਲਾਂ ਦੀ ਭਾਰੀਆਂ ਧਾਤਾਂ ਅਤੇ ਜ਼ਹਿਰੀਲੇ ਪਦਾਰਥਾਂ ਦਾ ਸਰੀਰ ’ਚੋਂ ਨਿਸਕਾਸਨ ਕਰਨ ਵਿੱਚ ਸਹਾਈ ਹੋਣਾ। ਦਿਮਾਗ ਅਤੇ ਨਰਵ ਲਈ ਬਾਲਣ ਦਾ ਕੰਮ ਕਰਨਾ ਤਾਂ ਜੋ ਅਸੀਂ ਚੌਕੰਨੇ ਰਹੀਏ ਅਤੇ ਸਾਫ਼ ਸੋਚ ਸਕੀਏ। ਦਿਮਾਗ ਦੇ ਦੌਰੇ ਤੋਂ ਬਾਅਦ ਦਿਮਾਗੀ ਸੈੱਲਾਂ ਨੂੰ ਦੁਬਾਰਾ ਪੈਦਾ ਕਰਨਾ ਅਤੇ ਸੋਜ਼ਿਸ਼ ਨੂੰ ਘੱਟ ਕਰਨਾ। ਉਪਰੋਕਤ ਥੈਰੇਪੀ ਤੋਂ ਇਲਾਵਾ ਵੀ ਆਕਸੀਜਨ ਦੀ ਜ਼ਰੂਰੀ ਮਾਤਰਾ ਸਰੀਰ ਨੂੰ ਦੇ ਕਿ ਇਹ ਸਾਰੇ ਲਾਭ ਲਏ ਜਾ ਸਕਦੇ ਹਨ। ਇਸ ਮੰਤਵ ਲਈ ਸਵੇਰੇ ਵੇਲੇ ਤਾਜ਼ੀ ਸ਼ੁੱਧ ਹਵਾ ਵਿੱਚ ਜਾ ਕਿ 15 ਤੋਂ 20 ਮਿੰਟ ਤਕ ਲੰਮੇ ਸਾਹ ਲਵੋ। ਸਾਹ ਪੂਰਾ ਪੇਟ ਤਕ ਹਵਾ ਭਰ ਕਿ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਪ੍ਰਾਪਤ ਹੋਈ ਆਕਸੀਜਨ ਸਰੀਰ ਦੇ ਸਾਰੇ ਸੈੱਲਾਂ ਤਕ ਪਹੁੰਚ ਕਿ ਲਾਭ ਦਿੰਦੀ ਹੈ। ਇਸ ਤੋਂ ਇਲਾਵਾ ਇਹ ਸਪਲੀਮੈਂਟ ਦੇ ਤੌਰ ’ਤੇ ਵੀ ਲਈ ਜਾ ਸਕਦੀ ਹੈ। ਆਕਸੀਜਨ ਨੂੰ ਹਰੇਕ ਸੈੱਲ ਤਕ ਪਹੁੰਚਾਉਣ ਲਈ ਓਮੇਗਾ-3 ਫੈਟੀ ਐਸਿਡ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਲਾਲ ਖ਼ੂਨ ਦੇ ਸੈੱਲਾਂ ਦੀ ਝਿੱਲੀ ਦੀ ਰੱਖਿਆ ਕਰਦਾ ਹੈ। ਇਹ ਸੈੱਲਾਂ ਨੂੰ ਲਚਕੀਲਾ ਬਣਾਉਂਦਾ ਹੈ ਜਿਸ ਦੇ ਫਲਸਰੂਪ ਉਹ ਆਸਾਨੀ ਨਾਲ ਕੋਸ਼ਿਕਾਵਾਂ ਵਿੱਚ ਪਹੁੰਚ ਕਿ ਉੱਥੋਂ ਕਾਰਬਨ ਡਾਈਆਕਸਾਈਡ ਨੂੰ ਬਾਹਰ ਕਰਕੇ ਆਕਸੀਜਨ ਦਾ ਸੰਚਾਰ ਕਰਦੇ ਹਨ।

# ਭਾਰ ਘੱਟ ਕਰਨ ‘ਚ ਲਾਹੇਵੰਦ ਹੁੰਦੀ ਹੈ ‘ਕਿਸ਼ਮਿਸ਼’, ਹੋਰ ਵੀ ਜਾਣੋ ਲਾਜਵਾਬ ਫਾਇਦੇ

ਜਲੰਧਰ— ਕਿਸ਼ਮਿਸ਼ ਖਾਣ ‘ਚ ਜਿੰਨੀ ਸੁਆਦ ਹੁੰਦੀ ਹੈ, ਉਨੀ ਹੀ ਇਹ ਬਾਕੀ ਡਰਾਈ ਫਰੂਟ ਦੀ ਤੁਲਨਾ ‘ਚ ਸਸਤੀ ਮਿਲ ਜਾਂਦੀ ਹੈ। ਕਿਸ਼ਮਿਸ਼ ਦਾ ਇਸਤੇਮਾਲ ਅਕਸਰ ਮਿੱਠੇ ਪਕਵਾਨਾਂ ਲਈ ਕੀਤਾ ਜਾਂਦਾ ਹੈ। ਕਿਸ਼ਮਿਸ਼ ਦਾ ਖੱਟਾ-ਮਿੱਠਾ ਸੁਆਦ ਹਰ ਖਾਣੇ ਨੂੰ ਸਪੈਸ਼ਲ ਬਣਾ ਦਿੰਦਾ ਹੈ। ਇਥੇ ਦੱਸ ਦੇਈਏ ਕਿ ਕਿਸ਼ਮਿਸ਼ ਸਿਹਤ ਲਈ ਵੀ ਬੇਹੱਦ ਫਾਇਦੇਮੰਦ ਹੁੰਦੀ ਹੈ। ਇਸ ਦਾ ਰੋਜ਼ਾਨਾ ਸੇਵਨ ਕਰਨ ਦੇ ਨਾਲ ਤੁਸੀਂ ਕਈ ਬੀਮਾਰੀਆਂ ਤੋਂ ਬਚੇ ਰਹਿ ਸਕਦੇ ਹੋ। ਅੱਜ ਅਸੀਂ ਤੁਹਾਨੂੰ ਕਿਸ਼ਮਿਸ਼ ਖਾਣ ਨਾਲ ਸਿਹਤ ਨੂੰ ਹੋਣ ਵਾਲੇ ਫਾਇਦਿਆਂ ਬਾਰੇ ਹੀ ਦੱਸਣ ਜਾ ਰਹੇ ਹਾਂ। ਆਓ ਜਾਣਦੇ ਹਾਂ ਉਨ੍ਹਾਂ ਫਾਇਦਿਆਂ ਬਾਰੇ।

**ਸਰੀਰ ‘ਚ ਲਿਆਉਂਦੀ ਹੈ ਤਾਕਤ**

ਰੋਜ਼ਾਨਾ ਕਿਸ਼ਮਿਸ਼ ਦਾ ਸੇਵਨ ਕਰਨ ਨਾਲ ਸਰੀਰ ਨੂੰ ਤਾਕਤ ਮਿਲਦੀ ਹੈ। ਕਿਸ਼ਮਿਸ਼ ‘ਚ ਕੁਦਰਤੀ ਸ਼ੂਗਰ ਪਾਈ ਜਾਂਦੀ ਹੈ, ਜੋ ਆਸਾਨੀ ਨਾਲ ਪਚ ਜਾਂਦੀ ਹੈ। ਕਿਸ਼ਮਿਸ਼ ‘ਚ ਕੋਲੈਸਟਰੋਲ ਨਹੀਂ ਹੁੰਦਾ, ਇਸ ਲਈ ਇਹ ਦਿਲ ਦੇ ਮਰੀਜ਼ਾਂ ਲਈ ਵੀ ਲਾਭਦਾਇਦ ਹੁੰਦੀ ਹੈ।

**ਭਾਰ ਘਟਾਉਣ ‘ਚ ਲਾਹੇਵੰਦ**

ਕਿਸ਼ਮਿਸ਼ ਭਾਰ ਘਟਾਉਣ ‘ਚ ਵੀ ਬੇਹੱਦ ਲਾਹੇਵੰਦ ਹੁੰਦੀ ਹੈ। ਜੇਕਰ ਤੁਸੀਂ ਮੋਟਾਪੇ ਦੇ ਸ਼ਿਕਾਰ ਹੋ ਰਹੇ ਹੋ ਤਾਂ ਤੁਹਾਡਾ ਭਾਰ ਘੱਟ ਕਰਨ ‘ਚ ਮਦਦ ਕਰੇਗੀ। ਭਾਰ ਘੱਟ ਕਰਨ ਲਈ ਤੁਹਾਨੂੰ ਕਿਸ਼ਮਿਸ਼ ਦਾ ਰੋਜ਼ਾਨਾ ਸੇਵਨ ਕਰਨਾ ਚਾਹੀਦਾ ਹੈ।

**ਹਾਰਟ ਦੀ ਸਮੱਸਿਆ ਤੋਂ ਦੇਵੇ ਨਿਜਾਤ**

ਹਾਰਟ ਦੇ ਮਰੀਜ਼ਾਂ ਲਈ ਕਿਸ਼ਮਿਸ਼ ਕਾਫੀ ਫਾਇਦੇਮੰਦ ਹੁੰਦੀ ਹੈ। ਹਰ ਰੋਜ਼ ਕਿਸ਼ਮਿਸ਼ ਦਾ ਪਾਣੀ ਉਨ੍ਹਾਂ ਲੋਕਾਂ ਲਈ ਬਹੁਤ ਜ਼ਿਆਦਾ ਫਾਇਦੇਮੰਦ ਹੈ, ਜੋ ਜ਼ਿਆਦਾ ਕੋਲੈਸਟਰੋਲ ਪੱਧਰ ਦੀ ਵਜ੍ਹਾ ਤੋਂ ਪਰੇਸ਼ਾਨ ਹਨ ਅਤੇ ਉਨ੍ਹਾਂ ਨੂੰ ਕਈ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਦਰਅਸਲ ਕਿਸ਼ਮਿਸ਼ ਦਾ ਪਾਣੀ ਸਰੀਰ ‘ਚ ਟ੍ਰਾਈਗਲਾਈਸਰਾਇਡਜ਼ ਦੇ ਪੱਧਰ ਨੂੰ ਘੱਟ ਕਰਨ ‘ਚ ਮਦਦਗਾਰ ਹੁੰਦਾ ਹੈ। ਇਸ ਤੋਂ ਤੁਹਾਡੇ ਸਰੀਰ ‘ਚ ਹਾਰਟ ਸਬੰਧੀ ਬੀਮਾਰੀਆਂ ਹੋਣ ਦਾ ਖਤਰਾ ਘੱਟ ਹੋ ਜਾਂਦਾ ਹੈ।

**ਕਬਜ਼ ਦੀ ਸਮੱਸਿਆ ਕਰੇ ਦੂਰ**

ਜੇਕਰ ਤੁਹਾਨੂੰ ਕਬਜ਼ ਦੀ ਸਮੱਸਿਆ ਰਹਿੰਦੀ ਹੈ ਤਾਂ ਤੁਹਾਡੇ ਲਈ ਕਿਸ਼ਮਿਸ਼ ਕਿਸੇ ਵਰਦਾਨ ਤੋਂ ਘੱਟ ਨਹੀਂ ਹੋਵੇਗੀ। ਅਕਸਰ ਲੋਕ ਕਬਜ਼ ਤੋਂ ਛੁਟਕਾਰਾ ਪਾਉਣ ਲਈ ਕਈ ਤਰ੍ਹਾਂ ਦੀਆਂ ਦਵਾਈਆਂ ਦਾ ਸੇਵਨ ਕਰਦੇ ਹਨ। ਕਬਜ਼ ਦੀ ਸਮੱਸਿਆ ਨੂੰ ਦੂਰ ਕਰਨ ਲਈ ਤੁਸੀਂ ਕਿਸ਼ਮਿਸ਼ ਨੂੰ ਭਿਓ ਕੇ ਖਾ ਸਕਦੇ ਹੋ। ਇਸ ਤੋਂ ਇਲਾਵਾ ਰੋਜ਼ਾਨਾ 12 ਕਿਸ਼ਮਿਸ਼ ਨੂੰ ਰਾਤ ‘ਚ ਇਕ ਗਿਲਾਸ ਪਾਣੀ ‘ਚ ਭਿਓ ਕੇ ਰੱਖਣੀਆਂ ਚਾਹੀਦੀਆਂ ਹਨ ਅਤੇ ਸਵੇਰੇ ਖਾਲੀ ਪੇਟ ਇਸ ਪਾਣੀ ਨੂੰ ਕਿਸ਼ਮਿਸ਼ ਨਾਲ ਪੀਣਾ ਚਾਹੀਦਾ ਹੈ। ਇਹ ਪੇਟੀ ਸਬੰਧੀ ਰੋਗਾਂ ਲਈ ਕਾਫੀ ਫਾਇਦੇਮੰਦ ਹੁੰਦੀ ਹੈ। ਕਿਸ਼ਮਿਸ਼ ‘ਚ ਮੌਜੂਦ ਤੱਤ ਸਰੀਰ ਦੀ ਪੂਰੀ ਗੰਦਗੀ ਨੂੰ ਬਾਹਰ ਕੱਢ ਦਿੰਦੇ ਹਨ ਅਤੇ ਇਸ ਨਾਲ ਤੁਹਾਡਾ ਪੇਟ ਪੂਰੀ ਤਰ੍ਹਾਂ ਸਾਫ ਹੋ ਜਾਂਦਾ ਹੈ ਅਤੇ ਕਬਜ਼, ਗੈਸ ਆਦਿ ਦੀ ਮੁਸ਼ਕਿਲ ਨਹੀਂ ਹੁੰਦੀ ਹੈ।



**ਹੱਡੀਆਂ ਹੁੰਦੀਆਂ ਨੇ ਮਜ਼ਬੂਤ**

ਰੋਜ਼ਾਨਾ ਕਿਸ਼ਮਿਸ਼ ਖਾਣ ਨਾਲ ਹੱਡੀਆਂ ਮਜ਼ਬੂਤ ਹੁੰਦੀਆਂ ਹਨ। ਕਿਸ਼ਮਿਸ਼ ‘ਚ ਕੈਲਸ਼ੀਅਮ ਦੀ ਵਧੀਆ ਮਾਤਰਾ ਪਾਈ ਜਾਂਦੀ ਹੈ, ਜੋ ਹੱਡੀਆਂ ਨੂੰ ਮਜ਼ਬੂਤ ਕਰਨ ‘ਚ ਸਹਾਇਕ ਹੁੰਦਾ ਹੈ।

**ਅੱਖਾਂ ਦੀ ਰੌਸ਼ਨੀ ਲਈ ਫਾਇਦੇਮੰਦ**

ਕਿਸ਼ਮਿਸ਼ ਅੱਖਾਂ ਦੀ ਰੌਸ਼ਨੀ ਲਈ ਵੀ ਬੇਹੱਦ ਫਾਇਦੇਮੰਦ ਮੰਨੀ ਜਾਂਦੀ ਹੈ। ਕਿਸ਼ਮਿਸ਼ ਦੇ ਪਾਣੀ ‘ਚ ਐਂਟੀਆਕਸੀਡੈਂਟਸ, ਵਿਟਾਮਿਨ-ਏ ਅਤੇ ਬੀਟਾ ਕੈਰੋਟਿਨ ਵਰਗੇ ਤੱਤ ਪਾਏ ਜਾਂਦੇ ਹਨ। ਇਹ ਸਾਰੇ ਤੱਤ ਅੱਖਾਂ ਦੀ ਰੌਸ਼ਨੀ ਵਧਾਉਣ ‘ਚ ਮਦਦ ਕਰਦੇ ਹਨ।

**ਗਲੇ ਦੇ ਇਨਫੈਕਸ਼ਨ ਕਰੇ ਦੂਰ**

ਖਾਲੀ ਪੇਟ ਕਿਸ਼ਮਿਸ਼ ਯਾਨੀ ਸੌਗੀ ਦਾ ਸੇਵਨ ਕਰਨ ਨਾਲ ਇਸ ‘ਚ ਮੌਜੂਦ ਐਂਟੀਬੈਕਟੀਰਿਅਲ ਦੇ ਗੁਣ ਮੂੰਹ ‘ਚੋਂ ਆਉਣ ਵਾਲੀ ਬਦਬੂ ਦੂਰ ਕਰਨ ਦੇ ਨਾਲ ਗਲੇ ਦੀ ਇਨਫੈਕਸ਼ਨ ਤੋਂ ਵੀ ਛੁਟਕਾਰਾ ਦਿਵਾਉਣ ‘ਚ ਮਦਦ ਕਰਦੇ ਹਨ।

**ਦੰਦਾਂ ਲਈ ਫਾਇਦੇਮੰਦ**

ਕਿਸ਼ਮਿਸ਼ ‘ਚ ਆਲੀਆਨਾਲਿਕ ਐਸਿਡ ਹੁੰਦਾ ਹੈ, ਜੋ ਕਿ ਫਾਇਟੋਕੈਮੀਕਲਸ ‘ਚੋਂ ਇਕ ਹੈ ਅਤੇ ਇਹ ਦੰਦਾਂ ਨੂੰ ਕੈਵਿਟੀ ਸਮੇਤ ਕਈ ਦਿੱਕਤਾਂ ਤੋਂ ਬਚਾਉਂਦਾ ਹੈ। ਇਸ ਦੇ ਨਾਲ ਹੀ ਕਿਸ਼ਮਿਸ਼ ਦੰਦਾਂ ‘ਚ ਬੈਕਟੀਰੀਆ ਫੈਲਣ ਤੋਂ ਰੋਕਦੀ ਹੈ। ਇਸ ਦੇ ਸੇਵਨ ਕਰਨ ਨਾਲ ਦੰਦਾਂ ‘ਚ ਮਜ਼ਬੂਤੀ ਆਉਂਦੀ ਹੈ। ਇਸ ‘ਚ ਕੈਲਸ਼ੀਅਮ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ ਅਤੇ ਇਹ ਤੁਹਾਡੇ ਦੰਦਾਂ ਨੂੰ ਟੁੱਟਣ ਤੋਂ ਬਚਾਉਂਦਾ ਹੈ।

# ਸਹਿਜ ਖੋਹਿਆ ਕਾਹਲੀ ਪ੍ਰਧਾਨ........

ਨੌਜਵਾਨ ਇਸ ਜਵਾਨੀ ਦੇ ਜ਼ੋਰ ਕਾਰਨ ਹੀ ਜਣੇ-ਖਣੇ ਨੂੰ ਲਲਕਾਰਦੇ ਹਨ ਤੇ ਲੜਨ ਲਈ ਝੱਟ ਤਿਆਰ ਹੋ ਜਾਂਦੇ ਹਨ। ਕਈ ਇਸ ਜਵਾਨੀ-ਮਸਤਾਨੀ ਦੇ ਜ਼ੋਰ ਕਾਰਨ ਖ਼ੂਨ ਤਕ ਕਰ ਦਿੰਦੇ ਹਨ ਤੇ ਫਿਰ ਜੇਲ੍ਹਾਂ ਭੁਗਤਦੇ ਹਨ। ਜਿੰਨਾ ਚਿਰ ਇਨਸਾਨ ਮੜ੍ਹਕ ਨਾਲ ਤੁਰਦਾ ਹੈ ਤੇ ਜਿਉਂਦਾ ਹੈ, ਉਹੀ ਉਮਰ ਮਾਨਣ-ਯੋਗ ਤੇ ਖ਼ੂਬਸੂਰਤ ਹੁੰਦੀ ਹੈ।

✿ ਜਗਜੀਤ ਕੌਰ ਢਿੱਲਵਾਂ



ਅਜੋਕੀ ਭੱਜ-ਦੌੜ ਦੀ ਜ਼ਿੰਦਗੀ ਵਿੱਚੋਂ ਸਹਿਜਤਾ ਦਿਨੋਂ-ਦਿਨ ਖਾਰਜ ਹੁੰਦੀ ਜਾ ਰਹੀ ਹੈ ਅਤੇ ਚਾਰੇ ਪਾਸੇ ਕਾਹਲ ਪ੍ਰਧਾਨ ਹੈ। ਇਸ ਕਾਹਲ ਨੇ ਸਾਡੇ ਜੀਵਨ ਵਿੱਚੋਂ ਸਹਿਜਤਾ ਦਾ ਅਨੂਠਾ ਰਸ ਚੂਸ ਲਿਆ ਹੈ। ਬਸ ਅਸੀਂ ਕਾਹਲ ਦੇ ਕਾਲ-ਚੱਕਰ ਉੱਤੇ ਚੜ੍ਹੇ ਹੋਏ ਹਾਂ। ਪੁਰਾਣੀ ਕਹਾਵਤ ਹੈ ਕਾਹਲ ਨਾਮ ਕਾਲ ਦਾ ਜਾਂ ਕਾਹਲੀ ਅੱਗੇ ਟੋਏ। ਪੁਰਾਤਨ ਸਮੇਂ ਵੱਲ ਨਜ਼ਰ ਮਾਰੀਏ ਤਾਂ ਜੀਵਨ ਕੁਦਰਤ ਦੇ ਨੇੜੇ ਅਤੇ ਸਹਿਜ ਵਿੱਚ ਸੀ। ਸਵੇਰ ਤੋਂ ਸ਼ਾਮ ਤਕ ਦੇ ਹਰ ਕੰਮ ਵਿੱਚ ਸਹਿਜਤਾ ਝਲਕਦੀ ਸੀ ਭਾਵੇਂ ਉਸ ਸਮੇਂ ਮਸ਼ੀਨਾਂ ਦੀ ਅਣਹੋਂਦ ਕਾਰਨ ਸਾਰੇ ਕੰਮ ਹੱਥੀਂ ਕਰਨੇ ਪੈਂਦੇ ਸਨ, ਇਸੇ ਕਰਕੇ ਕੰਮ ਦੀ ਬਹੁਲਤਾ ਸੀ ਪਰ ਫਿਰ ਵੀ ਸਾਡੇ ਵਡੇਰਿਆਂ ਨੇ ਸਹਿਜਤਾ ਦਾ ਪੱਲਾ ਨਹੀਂ ਸੀ ਛੱਡਿਆ। ਸਹਿਜ, ਠਰ੍ਹੰਮਾ, ਸੰਜਮ, ਸਲੀਕਾ ਪੁਰਾਣੇ ਵੇਲਿਆਂ ਦੇ ਅਣਮੁੱਲੇ ਗੁਣ ਸਨ। ਸਵੇਰੇ ਉੱਠਦਿਆਂ ਹੀ ਨਿੰਮ, ਕਿੱਕਰ ਜਾਂ ਟਾਹਲੀ ਦੀ ਦਾਤਣ ਤੋੜ ਕੇ ਬੜੇ ਸਹਿਜ ਨਾਲ ਚਬਾਉਂਦਿਆਂ-ਚਬਾਉਂਦਿਆਂ ਖੁੱਲ੍ਹੇ ਖੇਤਾਂ ਦੀ ਸੈਰ ਕਰ ਲਈ ਜਾਂਦੀ ਸੀ। ਕੁਦਰਤ ਨਾਲ ਮੇਲ-ਮਿਲਾਪ ਦਾ ਇਹ ਬਹੁਤ ਵਧੀਆ ਤਰੀਕਾ ਸੀ ਪਰ ਅਜੋਕੇ ਮਸ਼ੀਨੀ ਯੁੱਗ ਵਿੱਚ ਇਨਸਾਨ ਵੀ ਜਿਵੇਂ ਮਸ਼ੀਨ ਬਣਦਾ ਜਾ ਰਿਹਾ ਹੈ। ਸਵੇਰੇ ਉੱਠਦਿਆਂ ਦੰਦਾਂ ’ਤੇ ਬੁਰਸ਼ ਬੜੀ ਤੇਜ਼ੀ ਨਾਲ ਰਗੜਿਆ ਜਾਂਦਾ ਹੈ ਅਤੇ ਘੜੀ ਦੀਆਂ ਸੂਈਆਂ ਵੱਲ ਵਾਰ-ਵਾਰ ਨਿਗ੍ਹਾ ਮਾਰਦਿਆਂ ਕਾਹਲੀ-ਕਾਹਲੀ ਵਾਸ਼ ਬੇਸਨ ’ਤੇ ਖੜ੍ਹੇ ਹੀ ਮੂੰਹ ਧੋ ਲਿਆ ਜਾਂਦਾ ਹੈ। ਫਿਰ ਘਰ ਦੀ ਗ੍ਰਹਿਣੀ ਰਸੋਈ ਵਿੱਚ ਖੜ੍ਹੀ-ਖੜ੍ਹੀ ਹੀ ਨਾਸ਼ਤਾ ਤਿਆਰ ਕਰਦੀ ਹੈ। ਇਸ ਕਾਹਲ ਕਰਕੇ ਹੀ ਪਰੈਸ਼ਰ ਕੁੱਕਰਾਂ ਦੀਆਂ ਸੀਟੀਆਂ ਵੱਜਦੀਆਂ ਹਨ। ਅਤਿ ਆਧੁਨਿਕ ਸਹੂਲਤਾਂ ਕਰਕੇ ਨਾ ਸਹਿਜਤਾ ਨਾਲ ਖਾਣਾ ਬਣਦਾ ਹੈ, ਨਾ ਗਰਮ ਹੁੰਦਾ ਹੈ ਅਤੇ ਨਾ ਹੀ ਸਹਿਜਤਾ ਨਾਲ ਉਸ ਨੂੰ ਠੰਢਾ ਹੋਣ ਦਿੱਤਾ ਜਾਂਦਾ ਹੈ। ਕਾਹਲ ਵਿੱਚ ਫਰਿੱਜਾਂ ਦਾ ਸਹਾਰਾ ਲਿਆ ਜਾਂਦਾ ਹੈ। ਪਹਿਲਾਂ ਚੁੱਲ੍ਹੇ-ਹਾਰਿਆਂ ਵਿੱਚ ਬੜੀ ਸਹਿਜਤਾ ਨਾਲ ਖਿਚੜੀ ਤੇ ਦਾਲ ਰਿੱਝਦੀ ਸੀ, ਦੁੱਧ ਕੜ੍ਹਦਾ ਸੀ। ਇਸੇ ਸਹਿਜਤਾ ਕਰਕੇ ਹੀ ਖਾਣੇ ਵਿੱਚ ਕੁਦਰਤੀ ਮਿਠਾਸ ਕਾਇਮ ਰਹਿੰਦੀ ਸੀ ਅਤੇ ਖਾਣਾ ਸੁਆਦੀ ਹੁੰਦਾ ਸੀ ਪਰ ਹੁਣ ਤਾਂ ਖੇਤਾਂ ਵਿੱਚ ਖੜ੍ਹੇ ਫਲ-ਸਬਜ਼ੀਆਂ ਨੂੰ ਵੀ ਮਸਾਲੇ ਤੇ ਟੀਕੇ ਲਾ ਕੇ ਕਾਹਲ ਵਿੱਚ ਪਕਾਇਆ ਜਾ ਰਿਹਾ ਹੈ। ਹਾਈਬ੍ਰਿਡ ਬੀਜ ਵਰਤੇ ਜਾ ਰਹੇ ਹਨ ਜਿਨ੍ਹਾਂ ਕਰਕੇ ਮਿਕਦਾਰ ਵਧਾਉਂਦਿਆਂ ਅਸੀਂ ਗੁਣਵੱਤਾ ਗੁਆ ਬੈਠੇ ਹਾਂ। ਰਵਾਇਤੀ ਫ਼ਸਲਾਂ ਦੇ ਬੀਜ ਖ਼ਤਮ ਹੁੰਦੇ ਜਾ ਰਹੇ ਹਨ। ਰਹਿੰਦੀ-ਖੂੰਹਦੀ ਕਸਰ ਕੀਟਨਾਸ਼ਕਾਂ ਦਾ ਛਿੜਕਾਅ ਕਰਕੇ ਕੱਢ ਦਿੱਤੀ ਜਾਂਦੀ ਹੈ। ਫਿਰ ਅਸੀਂ ਖਾਣਿਆਂ ਵਿੱਚੋਂ ਕੁਦਰਤੀ ਰਸ ਕਿੱਥੋਂ ਭਾਲਦੇ ਹਾਂ ਕਿਉਂਕਿ ਸਬਰ ਦਾ ਫਲ ਮਿੱਠਾ ਹੁੰਦਾ ਹੈ ਨਾ ਕਿ ਕਾਹਲ ਦਾ। ਕਿੱਥੇ ਗਏ ਉਹ ਸੁਆਦ ਜੋ ਖੇਤਾਂ ਵਿੱਚ ਕੁਦਰਤੀ ਤਰੀਕਿਆਂ ਨਾਲ ਉਗਾਈਆਂ ਦਾਲਾਂ-ਸਬਜ਼ੀਆਂ ਨੂੰ ਘਰ ਦੀਆਂ ਸੁਆਣੀਆਂ ਰਲ-ਮਿਲ ਕੇ ਪੀੜ੍ਹੀਆਂ ਡਾਹ ਕੇ ਚੁੱਲ੍ਹੇ-ਚੌਂਕਿਆਂ ’ਤੇ ਬਣਾਉਂਦੀਆਂ ਸਨ। ਫਿਰ ਸਾਰਾ ਟੱਬਰ ਬੜੇ ਸਹਿਜ ਵਿੱਚ ਚੌਂਕੇ ਉੱਪਰ ਬੈਠ ਕੇ ਲੰਗਰ ਛਕਦਾ ਸੀ ਪਰ ਹੁਣ ਸਕੂਲ, ਦਫ਼ਤਰ ਅਤੇ ਨੌਕਰੀ ’ਤੇ ਜਾਣ ਦੀ ਕਾਹਲ ਵਿੱਚ ਛੇਤੀ-ਛੇਤੀ ਬੁਰਕੀਆਂ ਸੰਘ ਤੋਂ ਪਾਰ ਸੁੱਟ ਲਈਆਂ ਜਾਂਦੀਆਂ ਹਨ। ਫਿਰ ਮੰਜ਼ਿਲ ’ਤੇ ਜਲਦੀ ਪਹੁੰਚਣ ਦੀ ਕਾਹਲੀ ਨਿੱਤ ਆਵਾਜਾਈ ਹਾਦਸਿਆਂ ਨੂੰ ਸੱਦਾ ਦੇ ਰਹੀ ਹੈ। ਸੜਕਾਂ ’ਤੇ ਲੱਗੇ ਬੋਰਡ ਸਾਨੂੰ ਸੁਚੇਤ ਕਰ ਰਹੇ ਹੁੰਦੇ ਹਨ ਕਿ ‘ਕਦੇ ਨਾ ਪਹੁੰਚਣ ਨਾਲੋਂ, ਦੇਰੀ ਨਾਲ ਪਹੁੰਚਣਾ ਚੰਗਾ’ ਪਰ ਫਿਰ ਵੀ ਸਾਡੀ ਰਫ਼ਤਾਰ ਕਦੇ ਮੱਠੀ ਨਹੀਂ ਪੈਂਦੀ। ਇਸੇ ਕਾਹਲੀ ਦੇ ਮਾਹੌਲ ਵਿੱਚ ਸਾਡਾ ਮਨ ਹਰ ਸਮੇਂ ਕਾਹਲਾ ਪਿਆ ਰਹਿੰਦਾ ਹੈ ਜਿਸ ਕਾਰਨ ਅਸੀਂ ਗੁੱਸਾ, ਮਾਨਸਿਕ ਤਣਾਓ ਅਤੇ ਹੋਰ ਮਾਨਸਿਕ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਾਂ। ਇਸੇ ਕਰਕੇ ਹੀ ਨਿੱਤ-ਦਿਨ ਲੜਾਈ ਝਗੜਿਆਂ ਵਿੱਚ ਵਾਧਾ ਹੋ ਰਿਹਾ ਹੈ। ਹਿੰਸਕ ਵਾਰਦਾਤਾਂ ਵਧ ਰਹੀਆਂ ਹਨ। ਅੱਜ-ਕੱਲ੍ਹ ਦੀ ਕਾਹਲੀ ਕਾਰਨ ਹੀ ਬੱਚਾ ਆਪਣੇ ਬਚਪਨ ਨੂੰ ਸਹਿਜ ਵਿੱਚ ਨਹੀਂ ਮਾਣ ਰਿਹਾ ਕਿਉਂਕਿ ਜਿੱਥੇ ਪਹਿਲਾਂ ਬੱਚਾ 5-6 ਸਾਲ ਦੀ ਉਮਰ ਤਕ ਆਜ਼ਾਦੀ ਨਾਲ ਆਪਣਾ ਬਚਪਨ ਮਾਣਦਾ ਸੀ, ਉੱਥੇ ਹੁਣ ਉਸ ਦੇ ਬਚਪਨ ਦੇ ਅੱਧੇ ਸਾਲ ਆਧੁਨਿਕ ਯੁੱਗ ਨੇ ਹੜੱਪ ਕਰ ਲਏ ਹਨ। ਦੋ-ਢਾਈ ਸਾਲ ਦੇ ਨਿਆਣੇ ਨੂੰ ਹੀ ਸਕੂਲ ਭੇਜਣ ਦੀ ਕਾਹਲ ਕੀਤੀ ਜਾਂਦੀ ਹੈ। ਇਸ ਕਰਕੇ ਬੱਚਿਆਂ ਨੂੰ ਘਰੇਲੂ ਰਿਸ਼ਤਿਆਂ ਦੀ ਨੇੜਤਾ ਤੇ ਨਿੱਘ ਘੱਟ ਮਿਲਦਾ ਹੈ। ਬੱਚਿਆਂ ਦੇ ਕੱਦ-ਕਾਠ, ਸਰੀਰ ਦਿਨੋਂ-ਦਿਨ ਘਟ ਰਹੇ ਹਨ। ਬੱਚਿਆ ਦੇ ਮੁੱਖੜੇ ’ਤੇ ਅਣਭੋਲ ਮੁਸਕਾਨ ਦੀ ਥਾਂ ਨਿਗ੍ਹਾ ਦੀਆਂ ਐਨਕਾਂ ਨਜ਼ਰ ਆ ਰਹੀਆਂ ਹਨ। ਇਸੇ ਕਰਕੇ ਬੱਚੇ ਜ਼ਿੱਦੀ ਅਤੇ ਸੁਆਰਥੀ ਹੁੰਦੇ ਜਾ ਰਹੇ ਹਨ। ਉਹ ਇਨਸਾਨੀ ਕਦਰਾਂ-ਕੀਮਤਾਂ ਤੋਂ ਸੱਖਣੇ ਕੰਪਿਊਟਰ ਯੁੱਗ ਦੇ ਕੰਪਿਊਟਰ ਮਨੁੱਖ ਬਣਦੇ ਜਾ ਰਹੇ ਹਨ। ਅੱਜ-ਕੱਲ੍ਹ ਤਾਂ ਕਿਸੇ ਖ਼ਾਸ ਦਿਨ ’ਤੇ ਜਨਮ-ਦਿਨ ਬਣਾਉਣ ਲਈ ਬੱਚੇ ਦਾ ਜਨਮ ਵੀ ਕੁਦਰਤੀ ਜਨਮ ਤੋਂ ਪਹਿਲਾਂ ਕਾਹਲੀ ਨਾਲ ਕਰਵਾਇਆ ਜਾ ਰਿਹਾ ਹੈ। ਪੁਰਾਤਨ ਸਮੇਂ ਵਿੱਚ ਸਹਿਜ ਸਲੀਕੇਦਾਰ ਪਹਿਰਾਵਾ ਪਹਿਨਿਆ ਜਾਂਦਾ ਸੀ ਪਰ ਹੁਣ ਸਾਡੇ ਪਹਿਰਾਵੇ ਵਿੱਚੋਂ ਵੀ ਸ਼ਰਾਫ਼ਤ, ਸਲੀਕਾ ਅਤੇ ਸਹਿਜਤਾ ਗਾਇਬ ਹੁੰਦੀ ਜਾ ਰਹੀ ਹੈ। ਕਦੇ ਸਮਾਂ ਸੀ ਜਦੋਂ ਦੋਸਤਾਂ-ਮਿੱਤਰਾਂ ਅਤੇ ਰਿਸ਼ਤੇਦਾਰਾਂ ਦੀ ਯਾਦ ਵਿੱਚ ਬੜੇ ਸਹਿਜ ਵਿੱਚ ਬੈਠ ਕੇ ਚਿੱਠੀਆਂ ਲਿਖੀਆਂ ਜਾਂਦੀਆਂ ਸਨ। ਆਪਣੇ ਦਿਲੀ ਜਜ਼ਬਾਤ ਮਾਲਾ ਦੇ ਮਣਕਿਆਂ ਵਾਂਗ ਚਿੱਠੀ-ਪੱਤਰਾਂ ਵਿੱਚ ਪਰੋਏ ਜਾਂਦੇ ਸਨ ਪਰ ਹੁਣ ਖ਼ੁਸ਼ੀ-ਗੁੱਸਾ ਮੋਬਾਈਲ ਫੋਨ ਜ਼ਰੀਏ ਸਕਿੰਟਾਂ ਵਿੱਚ ਹੀ ਸਾਂਝਾ ਹੋ ਜਾਂਦਾ ਹੈ। ਕਾਹਲੀ ਦੇ ਯੁੱਗ ਵਿੱਚ ਰਿਸ਼ਤੇ ਬਣਦਿਆਂ ਵੀ ਦੇਰ ਨਹੀਂ ਲੱਗਦੀ ਅਤੇ ਟੁੱਟਦਿਆਂ ਵੀ।ਕਦੇ ਸਮਾਂ ਸੀ ਜਦੋਂ ਵਿਆਹਾਂ-ਸ਼ਾਦੀਆਂ ਵਿੱਚ ਆਂਢ-ਗੁਆਂਢ ਰਿਸ਼ਤੇਦਾਰ ਅਤੇ ਦੋਸਤ-ਮਿੱਤਰ ਰਲ ਬੈਠ ਕੇ ਗੀਤ ਗਾਉਂਦੇ, ਗਿੱਧਾ ਪਾਉਂਦੇ ਅਤੇ ਸਿੱਠਣੀਆਂ-ਛੰਦ ਸੁਣਾਉਂਦੇ ਹੋਏ ਹਾਸਾ-ਮਜ਼ਾਕ ਕਰਦੇ। ਪੰਜਾਬਣਾਂ ਦੇ ਲੰਮੀ ਹੇਕ ਵਾਲੇ ਗੌਣ ਵਿਆਹ ਦੀ ਰੌਣਕ ਚੌਗੁਣੀ ਕਰ ਦਿੰਦੇ। ਵਿਆਹ ਦੇ ਇਸ ਮਾਹੌਲ ਵਿੱਚ ਸਮੁੱਚਾ ਚੌਗਿਰਦਾ ਨਸ਼ਿਆ ਜਾਂਦਾ। ਕਿੱਥੇ ਹੁਣ ਮੈਰਿਜ ਪੈਲੇਸਾਂ ਵਿੱਚ ਆਰਕੈਸਟਰਾ ਗਰੁੱਪ ਚਾਬੀ ਦੇ ਕੇ ਛੱਡੇ ਖਿਡੌਣੇ ਵਾਂਗ ਟਪੂਸੀਆਂ ਮਾਰਦੇ ਫਿਰਦੇ ਹਨ। ਅਜੋਕੇ ਗੀਤਾਂ ਦੀਆਂ ਸੁਰਾਂ ਵਿੱਚ ਵੀ ਹਾਓ-ਹੱਲਾ, ਸ਼ੋਰ-ਸ਼ਰਾਬਾ ਪ੍ਰਧਾਨ ਹੈ, ਸੰਗੀਤ ਦਾ ਸਹਿਜ ਮਧੁਰ ਅਨੂਠਾ ਰਸ ਗਾਇਬ ਹੈ। ਅਜਿਹਾ ਮਾਹੌਲ ਘਬਰਾਹਟ ਪੈਦਾ ਕਰਦਾ ਹੈ। ਇਸੇ ਕਾਹਲ ਵਿੱਚ ਹੀ ਸਾਡੇ ਵਿਆਹਾਂ ਦਾ ਸਮਾਂ 2-3 ਦਿਨ ਤੋਂ ਘਟ ਕੇ 2-3 ਘੰਟਿਆਂ ਤਕ ਸਿਮਟ ਕੇ ਰਹਿ ਗਿਆ ਹੈ। ਕਦੇ ਸਮਾਂ ਸੀ ਵਿਚੋਲਿਆਂ ਰਾਹੀਂ ਕੀਤੇ ਕੁਜੋੜ ਰਿਸ਼ਤੇ ਵੀ ਸਹਿਜਤਾ ਨਾਲ ਤੋੜ ਚੜ੍ਹਾ ਲਏ ਜਾਂਦੇ ਸਨ ਪਰ ਹੁਣ ਆਪ ਭਾਲੇ ਰਿਸ਼ਤੇ ਤਿੜਕਦਿਆਂ ਵੀ ਦੇਰ ਨਹੀਂ ਲੱਗਦੀ। ਸਹਿਜਤਾ, ਸ਼ਾਲੀਨਤਾ, ਸਹਿਣਸ਼ੀਲਤਾ ਦੀ ਘਾਟ ਕਾਰਨ ਅੱਜ-ਕੱਲ੍ਹ ਨਿੱਤ ਦਿਨ ਤਲਾਕ ਹੋ ਰਹੇ ਹਨ। ਹਰ ਖੇਤਰ ਵਿੱਚ ਸਹਿਜਤਾ ਗੁੰਮ ਹੈ ਅਤੇ ਤੱਥ-ਭੜੱਥ ਪ੍ਰਧਾਨ ਹੈ। ਇਸੇ ਤੱਥ-ਭੜੱਥ ਵਿੱਚ ਦਿਨੋਂ-ਦਿਨ ਇਨਸਾਨੀ ਕਦਰਾਂ-ਕੀਮਤਾਂ ਮਨਫ਼ੀ ਹੁੰਦੀਆਂ ਜਾ ਰਹੀਆਂ ਹਨ। ਸ਼ਰਮ, ਸ਼ਰਾਫ਼ਤ, ਸਲੀਕਾ, ਸਹਿਜਤਾ, ਸਹਿਣਸ਼ੀਲਤਾ, ਸਰਲਤਾ, ਸੰਜਮ, ਸੁਹਜ, ਸਾਦਗੀ, ਸਿਆਣਪ, ਸਦਾਚਾਰ ਸਾਡੇ ਕੋਲੋਂ ਖੁੱਸਦਾ ਜਾ ਰਿਹਾ ਹੈ। ਲੋੜ ਹੈ ਇਸ ਲੱਗੀ ਦੌੜ ਵਿੱਚੋਂ ਦੋ ਮਿੰਟ ਰੁਕ ਕੇ ਸਹਿਜ ਨਾਲ ਸਾਹ ਲੈ ਕੇ ਸੋਚਣ ਦੀ ਕਿ ਸਾਨੂੰ ਇੰਨੀ ਕਾਹਲੀ ਕਿਉਂ ਪਈ ਹੋਈ ਹੈ? ਆਓ ਕਾਹਲੀ ਛੱਡ ਕੇ ਜ਼ਿੰਦਗੀ ਦਾ ਸਹਿਜ ਰਸ ਮਾਣੀਏ।

# ਹੱਸਦੀ-ਮੁਸਕਰਾਉਂਦੀ ਜ਼ਿੰਦਗੀ

ਅਜੀਤ ਸਿੰਘ ਚੰਦਨ

ਤੁਹਾਡੀ ਖ਼ੁਸ਼ੀ ਇਸ ਗੱਲ ’ਤੇ ਨਿਰਭਰ ਹੈ ਕਿ ਤੁਸੀਂ ਆਪਣੀ ਜ਼ਿੰਦਗੀ ਪ੍ਰਤੀ ਕਿਹੋ ਜਿਹਾ ਰਵੱਈਆ ਅਖ਼ਤਿਆਰ ਕੀਤਾ ਹੈ। ਜਿਹੜੇ ਇਨਸਾਨ ਜ਼ਿੰਦਗੀ ਨੂੰ ਹੱਸ ਕੇ ਜਿਊਂਦੇ ਹਨ, ਉਨ੍ਹਾਂ ਦੀ ਜ਼ਿੰਦਗੀ ਆਪੇ ਲੀਹ ’ਤੇ ਪੈ ਜਾਂਦੀ ਹੈ। ਹਰ ਵੇਲੇ ਖ਼ੁਸ਼ ਰਹਿਣਾ ਤੇ ਖ਼ੁਸ਼ੀ-ਖ਼ੁਸ਼ੀ ਆਪਣੇ ਕੰਮ ਨੂੰ ਕਰਨ ਵਾਲਾ ਇਨਸਾਨ ਕਦੇ ਉਦਾਸ ਹੋ ਹੀ ਨਹੀਂ ਸਕਦਾ। ਕਈ ਵਾਰ ਅਜਿਹੇ ਇਨਸਾਨ ਦੇ ਜੀਵਨ ਵਿੱਚ ਵੀ ਮੁਸ਼ਕਲਾਂ ਆਉਂਦੀਆਂ ਹਨ ਪਰ ਉਹ ਉਨ੍ਹਾਂ ਸਭ ਮੁਸ਼ਕਲਾਂ ਤੋਂ ਪਾਰ ਹੋ ਜਾਂਦਾ ਹੈ। ਇਨ੍ਹਾਂ ਮੁਸ਼ਕਲਾਂ ਤੋਂ ਪਾਰ ਹੋ ਜਾਣ ਲਈ ਦ੍ਰਿੜ੍ਹ ਇਰਾਦੇ ਤੇ ਅੰਦਰਲੀ ਸੂਝ ਦੀ ਜ਼ਰੂਰਤ ਪੈਂਦੀ ਹੈ। ਕੋਈ ਮੁਸ਼ਕਲ ਅਜਿਹੀ ਨਹੀਂ, ਜਿਸ ਨੂੰ ਤੁਸੀਂ ਕਦੇ ਹੱਲ ਨਾ ਕਰ ਸਕੋ। ਮੁਸ਼ਕਲ ਪ੍ਰਤੀ ਤੁਹਾਡਾ ਰਵੱਈਆ ਹੀ ਤੁਹਾਡੀ ਮੁਸ਼ਕਲ ਨੂੰ ਹੱਲ ਕਰਦਾ ਹੈ। ਕਿਸੇ ਮੁਸ਼ਕਲ ਤੋਂ ਪਾਰ ਜਾਣ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਮੁਸ਼ਕਲ ਨੂੰ ਸਮਝ ਰਹੇ ਹੋਵੋ ਕਿ ਇਸ ਨੂੰ ਹੱਲ ਕਿਵੇਂ ਕਰਨਾ ਹੈ। ਮਨ ਵਿੱਚ ਉਲਝਣਾਂ ਤੇ ਧੁੰਦਲਾਪਣ ਤੁਹਾਨੂੰ ਸਹੀ ਰਾਹ ’ਤੇ ਜਾਣ ਤੋਂ ਰੋਕਦਾ ਹੈ। ਕਿਸੇ ਵੀ ਸਮੱਸਿਆ ਨੂੰ ਹੱਲ ਕਰਨ ਲਈ ਮਨ ਸਪਸ਼ਟ ਹੋ ਜਾਵੇ ਤਾਂ ਹੱਲ ਆਪ ਹੀ ਨਿਕਲ ਆਉਂਦਾ ਹੈ। ਕਈ ਵਾਰ ਜ਼ਿੰਦਗੀ ਇਨਸਾਨ ਦੀ



ਪ੍ਰੀਖਿਆ ਲੈਂਦੀ ਹੈ। ਜਦੋਂ ਇਨਸਾਨ ਦਾ ਮਨ ਕੰਵਲ ਦੇ ਫੁੱਲ ਵਾਂਗ ਖਿੜਿਆ ਹੋਵੇ ਤਾਂ ਮਨ ਦੀਆਂ ਸਭ ਗੁੰਝਲਾਂ ਵੀ ਆਪੇ ਹੀ ਖੁੱਲ੍ਹ ਜਾਂਦੀਆਂ ਹਨ। ਅੰਦਰਲੇ ਕੰਵਲ ਫੁੱਲ ਨੂੰ ਖਿੜਿਆ ਰੱਖਣ ਲਈ ਬੁੱਧ ਦੀਆਂ ਬਹੁਤ ਸਾਰੀਆਂ ਗੱਲਾਂ ਤੇ ਪ੍ਰੇਰਨਾਵਾਂ ਸਾਨੂੰ ਸਹੀ ਰਾਹ ਵਿਖਾ ਸਕਦੀਆਂ ਹਨ। ਗੌਤਮ ਬੁੱਧ ਨੇ ਕਿਹਾ ਹੈ ਕਿ ਈਰਖਾ, ਲਾਲਚ ਤੇ ਮੂਰਖਤਾ-ਭਰੀਆਂ ਸੋਚਾਂ ਤੋਂ ਇਨਸਾਨ ਨੂੰ ਉੱਪਰ ਉੱਠਣਾ ਚਾਹੀਦਾ ਹੈ। ਇਨ੍ਹਾਂ ਤੋਂ ਉੱਪਰ ਉੱਠ ਕੇ ਆਪਣੇ ਮਨ ਦੇ ਸ਼ੀਸ਼ੇ ਨੂੰ ਸਾਫ਼ ਰੱਖਣਾ ਪਵੇਗਾ। ਜੇ ਮਨ ਦਾ ਸ਼ੀਸ਼ਾ ਸਾਫ਼ ਨਹੀਂ ਤਾਂ ਤੁਸੀਂ ਜ਼ਿੰਦਗੀ ਦੀ ਸਹੀ ਤਸਵੀਰ ਵੀ ਨਹੀਂ ਵੇਖ ਸਕੋਗੇ। ਜ਼ਿੰਦਗੀ ਪ੍ਰਤੀ ਢਹਿੰਦੇ ਵਿਚਾਰ, ਉਲਝੀਆਂ ਸੋਚਾਂ ਤੇ ਮਨ ਦਾ ਉਲਾਰਪੁਣਾ ਸਾਨੂੰ ਗ਼ਲਤ ਰਾਹ ਪਾ ਦਿੰਦਾ ਹੈ। ਗ਼ਲਤ ਰਾਹ ਪੈਣ ਨਾਲ ਮੰਜ਼ਿਲਾਂ ਧੁੰਦਲੀਆਂ ਤੇ ਦੂਰ ਹੋ ਜਾਂਦੀਆਂ ਹਨ। ਢਹਿੰਦੇ ਵਿਚਾਰ, ਜ਼ਿੰਦਗੀ ਨੂੰ ਢਹਿੰਦੀ ਕਲਾ ਵੱਲ ਲੈ ਜਾਂਦੇ ਹਨ। ਜਦੋਂ ਵੀ ਤੁਸੀਂ ਜ਼ਿੰਦਗੀ ਦੇ ਹਨੇਰੇ ਰਾਹਾਂ ਵਿੱਚ ਘਿਰੇ ਹੋਵੋ ਤਾਂ ਪਹਿਲਾਂ ਆਪਣੇ ਮਨ ਦੇ ਹਨੇਰਿਆਂ ਨੂੰ ਦੂਰ ਕਰ ਦੇਵੋ। ਇਹ ਤਦ ਹੀ ਸੰਭਵ ਹੈ ਜੇ ਤੁਸੀਂ ਆਪਣੇ-ਆਪ ਨੂੰ ਸਮਝ ਲੈਂਦੇ ਹੋ। ਅੰਦਰਲਾ ਦੀਪ ਜਗਣ ਤੇ ਅੰਦਰਲੀ ਰੋਸ਼ਨੀ ਦੇ ਚਾਨਣ ਨਾਲ ਤੁਹਾਨੂੰ ਉਲਝੀ ਹੋਈ ਜ਼ਿੰਦਗੀ ਦੀ ਆਪੇ ਹੀ ਸਮਝ ਪੈ ਜਾਵੇਗੀ। ਜ਼ਿੰਦਗੀ ਦਾ ਅਸਲ ਰਾਹ, ਹੱਸਣਾ, ਮੁਸਕਰਾਉਣਾ ਤੇ ਖ਼ੁਸ਼ ਰਹਿਣਾ ਹੈ। ਜਿਹੜਾ ਇਨਸਾਨ ਹੱਸਣਾ, ਮੁਸਕਰਾਉਣਾ ਤੇ ਖ਼ੁਸ਼ ਰਹਿਣਾ ਸਿੱਖ ਲੈਂਦਾ ਹੈ, ਉਹ ਕਿਸੇ ਮੁਸ਼ਕਲ ’ਚ ਫਸਦਾ ਹੀ ਨਹੀਂ। ਜੇ ਕੋਈ ਮੁਸ਼ਕਲ ਆ ਵੀ ਜਾਵੇ ਤਾਂ ਉਸ ਨੂੰ ਸਹੀ ਸੋਚ ਤੇ ਸਹੀ ਵਿਚਾਰ ਉਸ ਮੁਸ਼ਕਲ ਤੋਂ ਪਾਰ ਲੈ ਜਾਂਦੇ ਹਨ। ਜ਼ਿੰਦਗੀ ਜਿਊਣ ਦਾ ਹੁਨਰ ਸਿੱਖਣ ਦੀ ਜ਼ਰੂਰਤ ਹੈ। ਧੁੱਪਾਂ ਤੇ ਛਾਵਾਂ ਮਾਣਦੀ ਇਹ ਜ਼ਿੰਦਗੀ ਆਪਣੀ ਮਟਕ ਚਾਲ ਤੁਰੀ ਜਾਂਦੀ ਹੈ। ਬਸ ਵੇਖਣਾ ਹੈ ਕਿ ਤੁਸੀਂ ਇਸ ਜ਼ਿੰਦਗੀ ਦੀ ਮਟਕ ਨੂੰ ਕਿਵੇਂ ਕਾਇਮ ਰੱਖ ਸਕਦੇ ਹੋ। ਹੱਸਦੇ, ਮੁਸਕਰਾਉਂਦੇ ਤੇ ਗਾਉਂਦੇ ਜ਼ਿੰਦਗੀ ਦਾ ਸਫ਼ਰ ਜਾਰੀ ਰੱਖੋ। ਮੰਜ਼ਿਲ ਤੁਹਾਡੇ ਪੈਰ ਚੁੰਮ ਲਵੇਗੀ।